15-FEB-PAGE-1.qxd 2/14/2025 8:54 PM Page 1

ਸ਼ਨੀਵਾਰ, 15 ਫਰਵਰੀ, 2025
4 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 256

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SATURDAY, 15 FEBRUARY, 2025
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਮਰੀਕਾ 'ਚੋਂ ਧੱਕੇ 119 ਹੋਰ ਭਾਰਤੀ ਅੱਜ ਪਹੁੰਚਣਗੇ

ਅੰਮ੍ਰਿਤਸਰ : ਅਮਰੀਕਾ ਤੋਂ ਡਿਪੋਰਟ ਕੀਤੇ 119 ਭਾਰਤੀ ਨਾਗਰਿਕਾਂ ਵਾਲੀ ਵਿਸ਼ੇਸ਼ ਉਡਾਣ ਦੇ 15 ਫਰਵਰੀ ਦੀ ਰਾਤ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ ਦੀ ਉਮੀਦ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਅਮਰੀਕੀ ਪ੍ਰਸ਼ਾਸਨ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ਼ ਸ਼ਿਕੰਜਾ ਕੱਸਣ ਮਗਰੋਂ ਡਿਪੋਰਟ ਕੀਤੇ ਗਏ ਭਾਰਤੀਆਂ ਦਾ ਇਹ ਦੂਜਾ ਬੈਚ ਹੋਵੇਗਾ। ਇਸ ਤੋਂ ਪਹਿਲਾਂ 5 ਫਰਵਰੀ ਨੂੰ ਪਹਿਲੇ ਬੈਚ ਵਿੱਚ ਅਮਰੀਕੀ ਫੌਜੀ ਮਾਲਵਾਹਕ ਜਹਾਜ਼ 'ਚ 104 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ। ਇਨ੍ਹਾਂ ਵਿਚੋਂ 30 ਪੰਜਾਬ, ਜਦੋਂਕਿ 33-33 ਹਰਿਆਣਾ ਤੇ ਗੁਜਰਾਤ ਨਾਲ ਸੰਬੰਧਤ ਸਨ।

ਸੂਤਰਾਂ ਅਨੁਸਾਰ ਦੂਜੇ ਬੈਚ ਵਿੱਚ ਡਿਪੋਰਟ ਕੀਤੇ ਗਏ 119 ਵਿਅਕਤੀਆਂ ਵਿੱਚੋਂ 67 ਪੰਜਾਬ ਨਾਲ ਸੰਬੰਧਤ ਹਨ। ਹਰਿਆਣਾ ਦੇ 33 ਤੇ ਗੁਜਰਾਤ ਦੇ 8 ਵਿਅਕਤੀਆਂ ਨੂੰ ਡਿਪੋਰਟ ਕੀਤਾ ਗਿਆ ਹੈ। ਯੂ ਪੀ ਦੇ ਤਿੰਨ, ਜਦੋਂਕਿ ਗੋਆ, ਮਹਾਰਾਸ਼ਟਰ ਅਤੇ ਰਾਜਸਥਾਨ ਦੇ 2-2 ਵਿਅਕਤੀਆਂ ਦੀ ਵਤਨ ਵਾਪਸੀ ਹੋ ਰਹੀ ਹੈ। ਇਸ ਤੋਂ ਇਲਾਵਾ ਇਸ ਉਡਾਣ ਵਿੱਚ ਹਿਮਾਚਲ ਅਤੇ ਜੰਮੂ-ਕਸ਼ਮੀਰ ਨਾਲ ਸੰਬੰਧਤ ਇਕ-ਇੱਕ ਵਿਅਕਤੀ ਸ਼ਾਮਲ ਹੈ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਅਧਿਕਾਰੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਹਵਾਈ ਅੱਡੇ 'ਤੇ ਢੁਕਵੀਂ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਹਨ। ਅਮਰੀਕੀ ਜਹਾਜ਼ ਦੇ ਲੈਂਡ ਕਰਨ ਉੱਤੇ ਇਮੀਗ੍ਰੇਸ਼ਨ ਅਧਿਕਾਰੀ, ਪੁਲਸ ਕਰਮਚਾਰੀ ਅਤੇ ਵਿਦੇਸ਼ ਮੰਤਰਾਲੇ ਦੇ ਪ੍ਰਤੀਨਿਧੀ ਮੌਜੂਦ ਰਹਿਣਗੇ। ਅਧਿਕਾਰੀ ਨੇ ਇਹ ਖੁਲਾਸਾ ਵੀ ਕੀਤਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਵਾਲੀ ਇੱਕ ਹੋਰ ਉਡਾਣ ਦੇ 16 ਫਰਵਰੀ ਨੂੰ ਅੰਮ੍ਰਿਤਸਰ ਪਹੁੰਚਣ ਦੀ ਉਮੀਦ ਹੈ। ਇਸ ਤੀਜੀ ਉਡਾਣ ਵਿੱਚ ਯਾਤਰੀਆਂ ਦੀ ਸਹੀ ਗਿਣਤੀ ਦੀ ਪੁਸ਼ਟੀ ਹੋਣੀ ਬਾਕੀ ਹੈ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਵਿੱਚ ਟਰੰਪ ਨਾਲ ਮੁਲਾਕਾਤ ਤੋਂ ਬਾਅਦ ਅਮਰੀਕਾ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਮੁੱਦੇ ਉੱਤੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੋ ਲੋਕ ਕਿਸੇ ਹੋਰ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ, ਉਨ੍ਹਾਂ ਨੂੰ ਉੱਥੇ ਰਹਿਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਉਨ੍ਹਾ ਕਿਹਾ ਕਿ ਭਾਰਤ ਨੇ ਹਮੇਸ਼ਾ ਇਹ ਕਿਹਾ ਹੈ ਕਿ ਉਹ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਲੈਣ ਲਈ ਤਿਆਰ ਹੈ, ਜੇਕਰ ਉਨ੍ਹਾਂ ਦੀ ਪਛਾਣ ਦੀ ਪੁਸ਼ਟੀ ਹੋ ਜਾਂਦੀ ਹੈ। ਹਾਲਾਂਕਿ, ਪ੍ਰਧਾਨ ਮੰਤਰੀ ਮੋਦੀ ਨੇ ਸਮੱਸਿਆ ਦੇ ਡੂੰਘੇ ਕਾਰਨਾਂ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਹ ਸਿਰਫ਼ ਪ੍ਰਵਾਸੀਆਂ ਦੀ ਵਾਪਸੀ ਦਾ ਮਾਮਲਾ ਨਹੀਂ। ਜ਼ਿਆਦਾਤਰ ਲੋਕ ਭਰਮਾਉਣ ਅਤੇ ਲੁਭਾਉਣ ਤੋਂ ਬਾਅਦ ਇੱਥੇ ਆਉਂਦੇ ਹਨ। ਸਾਨੂੰ ਇਸ ਪੂਰੇ ਮਨੁੱਖੀ ਤਸਕਰੀ ਨੈੱਟਵਰਕ 'ਤੇ ਹਮਲਾ ਕਰਨਾ ਪਵੇਗਾ। ਉਨ੍ਹਾ ਅਮਰੀਕਾ ਨੂੰ ਅਪੀਲ ਕੀਤੀ ਕਿ ਭਾਰਤ ਅਤੇ ਅਮਰੀਕਾ ਨੂੰ ਇਸ ਈਕੋ ਸਿਸਟਮ ਨੂੰ ਜੜ੍ਹਾਂ ਤੋਂ ਖਤਮ ਕਰਨ ਲਈ ਸਾਂਝੇ ਯਤਨ ਕਰਨੇ ਪੈਣਗੇ। ਮੋਦੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਨੂੰ ਤਬਾਹ ਕਰਨ ਵਿੱਚ ਭਾਰਤ ਦਾ ਪੂਰਾ ਸਮਰਥਨ ਕਰਨਗੇ। ਇਸ ਵਿਸ਼ੇ 'ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਪਿੱਛੇ ਸਰਗਰਮ ਰੈਕੇਟ ਬਾਰੇ ਹੋਰ ਜਾਣਕਾਰੀ ਸਾਂਝੀ ਕਰਨ ਦੀ ਬੇਨਤੀ ਕੀਤੀ ਤਾਂ ਜੋ ਇਸ ਸਮੱਸਿਆ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਮੋਦੀ ਦੀ ਅਮਰੀਕਾ ਫੇਰੀ ਦੌਰਾਨ ਇਸ ਮੁੱਦੇ 'ਤੇ ਭਾਰਤ ਅਤੇ ਅਮਰੀਕਾ ਵਿਚਕਾਰ ਤਿੱਖੀ ਚਰਚਾ ਹੋਈ, ਜਿਸ ਵਿੱਚ ਦੋਵਾਂ ਦੇਸ਼ਾਂ ਨੇ ਜ਼ਿੰਮੇਵਾਰੀ ਨੂੰ ਸਵੀਕਾਰ ਕੀਤਾ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਨੁੱਖੀ ਤਸਕਰੀ ਨੂੰ ਰੋਕਣ ਲਈ ਸਾਂਝੇ ਯਤਨਾਂ ਦੀ ਜ਼ਰੂਰਤ 'ਤੇ ਸਹਿਮਤੀ ਪ੍ਰਗਟਾਈ।

ਚੰਗਾ ਹੁੰਦਾ ਮੋਦੀ ਪ੍ਰਵਾਸੀਆਂ ਨੂੰ ਨਾਲ ਲੈ ਕੇ ਆਉਂਦੇ : ਮਾਨ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਅਮਰੀਕਾ ਤੋਂ ਡਿਪੋਰਟ ਕੀਤੇ ਭਾਰਤੀ ਨਾਗਰਿਕਾਂ ਦੇ ਦੂਜੇ ਬੈਚ ਨੂੰ ਸ਼ਨਿੱਚਰਵਾਰ ਅੰਮ੍ਰਿਤਸਰ ਹਵਾਈ ਅੱਡੇ 'ਤੇ ਰਿਸੀਵ ਕਰਨਗੇ। ਮੁੱਖ ਮੰਤਰੀ ਡਿਪੋਰਟ ਕੀਤੇ ਭਾਰਤੀ ਨਾਗਰਿਕਾਂ ਵਾਲੇ ਜਹਾਜ਼ ਨੂੰ ਮੁੜ ਅੰਮ੍ਰਿਤਸਰ ਵਿੱਚ ਉਤਾਰਨ ਤੋਂ ਖਫ਼ਾ ਹਨ। ਪਤਾ ਲੱਗਿਆ ਹੈ ਕਿ ਉਹ ਇਸ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਇੱਕ ਸਾਜ਼ਿਸ਼ ਦਾ ਹਿੱਸਾ ਸਮਝ ਰਹੇ ਹਨ। ਮਾਨ ਦਾ ਮੰਨਣਾ ਹੈ ਕਿ ਪੰਜਾਬ ਨੂੰ ਬਦਨਾਮ ਕਰਨ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਅਮਰੀਕਾ ਤੋਂ ਨਰਿੰਦਰ ਮੋਦੀ ਵੀ ਵਾਪਸ ਆ ਰਹੇ ਹਨ ਅਤੇ ਚੰਗਾ ਹੁੰਦਾ ਜੇ ਉਹ ਖੁਦ ਇਨ੍ਹਾਂ ਨਾਗਰਿਕਾਂ ਨੂੰ ਆਪਣੇ ਨਾਲ ਵਾਪਸ ਲੈ ਕੇ ਆਉਂਦੇ।

ਮੋਦੀ ਨੇ ਅਡਾਨੀ ਦੇ ਭ੍ਰਿਸ਼ਟਾਚਾਰ 'ਤੇ ਪਰਦਾ ਪਾਇਆ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਕਾਰੋਬਾਰੀ ਗੌਤਮ ਅਡਾਨੀ ਦੇ ਕਥਿਤ ਭ੍ਰਿਸ਼ਟਾਚਾਰ ਉਤੇ 'ਪਰਦੇ ਪਾਉਣ' ਦਾ ਦੋਸ਼ ਲਗਾਇਆ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਪਾਈ ਇੱਕ ਪੋਸਟ ਵਿੱਚ ਕਿਹਾ ਕਿ ਜਦੋਂ ਦੇਸ਼ ਵਿੱਚ ਇਸ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਪ੍ਰਧਾਨ ਮੰਤਰੀ ਚੁੱਪ ਧਾਰ ਲੈਂਦੇ ਹਨ ਅਤੇ ਵਿਦੇਸ਼ਾਂ ਵਿੱਚ ਇਸ ਬਾਰੇ ਪੁੱਛੇ ਜਾਣ 'ਤੇ ਇਸ ਨੂੰ ਇੱਕ ਨਿੱਜੀ ਮਾਮਲਾ ਆਖ ਕੇ ਪੱਲਾ ਝਾੜ ਲੈਂਦੇ ਹਨ। ਰਾਹੁਲ ਨੇ ਦੋਸ਼ ਲਗਾਇਆ—ਦੇਸ਼ ਵਿਚ ਸਵਾਲ ਪੁੱਛੀਏ ਤਾਂ ਚੁੱਪੀ, ਵਿਦੇਸ਼ ਵਿਚ ਪੁੱਛੀਏ ਤਾਂ ਨਿੱਜੀ ਮਾਮਲਾ। ਅਮਰੀਕਾ ਵਿੱਚ ਵੀ ਮੋਦੀ ਜੀ ਨੇ ਅਡਾਨੀ ਜੀ ਦੇ ਭ੍ਰਿਸ਼ਟਾਚਾਰ ਉਤੇ ਪਰਦਾ ਪਾ ਦਿੱਤਾ। ਜਦੋਂ ਮਿੱਤਰ ਦੀ ਜੇਬ ਭਰਨਾ ਮੋਦੀ ਜੀ ਲਈ 'ਰਾਸ਼ਟਰ ਨਿਰਮਾਣ' ਹੈ, ਤਾਂ ਰਿਸ਼ਵਤਖ਼ੋਰੀ ਅਤੇ ਮੁਲਕ ਦੀ ਜਾਇਦਾਦ ਨੂੰ ਲੁੱਟਣਾ 'ਵਿਅਕਤੀਗਤ ਮਾਮਲਾ' ਬਣ ਜਾਂਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੂੰ ਵਾਸ਼ਿੰਗਟਨ ਵਿੱਚ ਇੱਕ ਸਾਂਝੀ ਮੀਡੀਆ ਬ੍ਰੀਫਿੰਗ ਵਿੱਚ ਇਹ ਪੁੱਛਿਆ ਗਿਆ ਕਿ ਕੀ ਉਨ੍ਹਾ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੋਈ ਗੱਲਬਾਤ ਦੌਰਾਨ ਗੌਤਮ ਅਡਾਨੀ ਦਾ ਮਾਮਲਾ ਉੱਠਿਆ ਤਾਂ ਮੋਦੀ ਨੇ 'ਵਿਅਕਤੀਗਤ ਮਾਮਲੇ' ਵਾਲਾ ਜਵਾਬ ਦਿੱਤਾ। ਉਨ੍ਹਾ ਕਿਹਾ—ਭਾਰਤ ਇੱਕ ਲੋਕਤੰਤਰ ਹੈ ਅਤੇ ਸਾਡੀ ਸੰਸਕ੍ਰਿਤੀ 'ਵਸੁਧੈਵ ਕੁਟੁੰਬਕਮ' ਹੈ। ਅਸੀਂ ਪੂਰੀ ਦੁਨੀਆ ਨੂੰ ਇੱਕ ਪਰਵਾਰ ਮੰਨਦੇ ਹਾਂ। ਮੇਰਾ ਮੰਨਣਾ ਹੈ ਕਿ ਹਰ ਭਾਰਤੀ ਮੇਰਾ ਹੈ। ਦੋ ਆਗੂਆਂ ਵਿਚਕਾਰ ਗੱਲਬਾਤ ਵਿੱਚ ਅਜਿਹੇ ਵਿਅਕਤੀਗਤ ਮਾਮਲਿਆਂ 'ਤੇ ਚਰਚਾ ਨਹੀਂ ਕੀਤੀ ਜਾਂਦੀ। ਦੋ ਦੇਸ਼ਾਂ ਦੇ ਦੋ ਪ੍ਰਮੁੱਖ ਨੇਤਾ ਕਦੇ ਵੀ ਅਜਿਹੇ ਵਿਅਕਤੀਗਤ ਮੁੱਦਿਆਂ 'ਤੇ ਚਰਚਾ ਨਹੀਂ ਕਰਦੇ।

ਅਮਰੀਕਾ ਭਾਰਤ ਨੂੰ ਤੇਲ-ਗੈਸ ਦਾ ਸਭ ਤੋਂ ਵੱਡਾ ਸਪਲਾਇਰ ਬਣੇਗਾ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਮਗਰੋਂ ਐਲਾਨ ਕੀਤਾ ਕਿ ਭਾਰਤ ਵਪਾਰਕ ਘਾਟੇ ਨੂੰ ਘਟਾਉਣ ਲਈ ਅਮਰੀਕਾ ਤੋਂ ਵਧੇਰੇ ਤੇਲ, ਗੈਸ ਖਰੀਦੇਗਾ। ਟਰੰਪ ਨੇ ਮੋਦੀ ਨੂੰ ਐੱਫ-35 ਲੜਾਕੂ ਜਹਾਜ਼ ਦੇਣ ਦੀ ਵੀ ਪੇਸ਼ਕਸ਼ ਕੀਤੀ। ਟਰੰਪ ਨੇ ਹਾਲਾਂਕਿ ਜ਼ੋਰ ਦੇ ਕੇ ਕਿਹਾ ਕਿ ਵਾਸ਼ਿੰਗਟਨ ਨਵੀਂ ਦਿੱਲੀ ਨੂੰ ਪ੍ਰਸਪਰ ਟੈਰਿਫ ਤੋਂ ਨਹੀਂ ਬਖਸ਼ੇਗਾ। ਟਰੰਪ ਨੇ ਵੀਰਵਾਰ (ਸ਼ੁੱਕਰਵਾਰ ਭਾਰਤੀ ਸਮੇਂ ਅਨੁਸਾਰ) ਵ੍ਹਾਈਟ ਹਾਊਸ ਸਥਿਤ ਆਪਣੇ ਓਵਲ ਦਫ਼ਤਰ ਵਿੱਚ ਮੋਦੀ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾ ਅੱਗੇ ਹੋ ਕੇ ਹੱਥ ਮਿਲਾਇਆ ਤੇ ਪ੍ਰਧਾਨ ਮੰਤਰੀ ਨੂੰ 'ਮਹਾਨ ਦੋਸਤ' ਤੇ 'ਸ਼ਾਨਦਾਰ' ਆਦਮੀ ਦੱਸਿਆ।

ਅਮਰੀਕੀ ਰਾਸ਼ਟਰਪਤੀ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਇੱਕ ਸਾਂਝੀ ਮੀਡੀਆ ਬ੍ਰੀਫਿੰਗ ਵਿੱਚ ਕਿਹਾ ਕਿ ਦੋਵੇਂ ਧਿਰਾਂ ਜਲਦੀ ਹੀ ਇੱਕ ਵੱਡਾ ਵਪਾਰਕ ਸਮਝੌਤਾ ਕਰਨ ਬਾਰੇ ਵਿਚਾਰ ਕਰ ਰਹੀਆਂ ਹਨ। ਟਰੰਪ ਨੇ ਭਾਰਤ ਵੱਲੋਂ ਕੁਝ ਅਮਰੀਕੀ ਉਤਪਾਦਾਂ 'ਤੇ ਲਗਾਈਆਂ ਗਈਆਂ ਦਰਾਮਦ ਡਿਊਟੀਆਂ ਨੂੰ 'ਬਹੁਤ ਹੀ ਗੈਰਵਾਜਬ' ਅਤੇ 'ਸਖ਼ਤ' ਦੱਸਿਆ। ਟਰੰਪ ਨੇ ਕਿਹਾ—ਭਾਰਤ ਜੋ ਵੀ ਟੈਕਸ ਲਾਏਗਾ, ਅਸੀਂ ਉਨ੍ਹਾਂ ਤੋਂ ਓਨਾ ਟੈਕਸ ਲਵਾਂਗੇ। ਅਸੀਂ ਭਾਰਤ ਨਾਲ ਪ੍ਰਸਪਰ ਵਿਹਾਰ ਕਰ ਰਹੇ ਹਾਂ। ਟਰੰਪ ਨੇ ਆਪਣੀਆਂ ਟਿੱਪਣੀਆਂ ਵਿੱਚ ਕਿਹਾ ਕਿ ਉਹ ਅਤੇ ਪ੍ਰਧਾਨ ਮੰਤਰੀ ਮੋਦੀ ਇੱਕ ਸਮਝੌਤੇ 'ਤੇ ਪਹੁੰਚੇ ਹਨ, ਜੋ ਸੰਭਾਵੀ ਤੌਰ 'ਤੇ ਅਮਰੀਕਾ ਨੂੰ ਭਾਰਤ ਨੂੰ ਤੇਲ ਅਤੇ ਗੈਸ ਦਾ 'ਨੰਬਰ ਇੱਕ ਸਪਲਾਇਰ' ਬਣਾ ਸਕਦਾ ਹੈ। ਉਨ੍ਹਾ ਸੁਝਾਅ ਦਿੱਤਾ ਕਿ ਇਹ ਭਾਰਤ ਨਾਲ ਅਮਰੀਕਾ ਦੇ ਵਪਾਰਕ ਘਾਟੇ ਨੂੰ ਘਟਾਉਣ ਦੇ ਉਪਰਾਲਿਆਂ ਦਾ ਹਿੱਸਾ ਹੈ, ਜੋ ਕਿ ਕਰੀਬ 45 ਅਰਬ ਅਮਰੀਕੀ ਡਾਲਰ ਹੈ। ਟਰੰਪ ਨੇ ਇਹ ਐਲਾਨ ਵੀ ਕੀਤਾ ਕਿ ਭਾਰਤ ਅਤੇ ਅਮਰੀਕਾ ਦੁਨੀਆ ਭਰ ਵਿੱਚ ਕੱਟੜਪੰਥੀ ਇਸਲਾਮੀ ਅੱਤਵਾਦ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਇਕੱਠੇ ਕੰਮ ਕਰਨਗੇ, ਜੋ 'ਪਹਿਲਾਂ ਕਦੇ ਨਹੀਂ ਹੋਇਆ।' ਟਰੰਪ ਨੇ 26/11 ਮੁੰਬਈ ਹਮਲੇ ਦੇ ਸਾਜ਼ਿਸ਼ਕਰਤਾ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਦਾ ਹਵਾਲਾ ਦਿੰਦੇ ਹੋਏ ਕਿਹਾ—ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੇਰੇ ਪ੍ਰਸ਼ਾਸਨ ਨੇ ਦੁਨੀਆ ਦੇ ਸਭ ਤੋਂ ਬੁਰੇ ਲੋਕਾਂ ਵਿੱਚੋਂ ਇੱਕ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਅਮਰੀਕੀ ਰਾਸ਼ਟਰਪਤੀ ਨੇ ਸਿਵਲ-ਪ੍ਰਮਾਣੂ ਊਰਜਾ ਖੇਤਰ ਵਿੱਚ ਭਾਰਤ-ਅਮਰੀਕਾ ਸਹਿਯੋਗ ਵਿੱਚ ਸਕਾਰਾਤਮਕ ਰਫ਼ਤਾਰ ਦਾ ਵੀ ਜ਼ਿਕਰ ਕੀਤਾ। ਉਨ੍ਹਾ ਕਿਹਾ—ਭਾਰਤੀ ਬਾਜ਼ਾਰ ਵਿੱਚ ਅਮਰੀਕੀ ਪ੍ਰਮਾਣੂ ਤਕਨਾਲੋਜੀ ਦਾ ਸਵਾਗਤ ਕਰਨ ਲਈ ਭਾਰਤ ਕਾਨੂੰਨਾਂ ਵਿੱਚ ਵੀ ਸੁਧਾਰ ਕਰ ਰਿਹਾ ਹੈ।

ਉਧਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਸਹਿਯੋਗ ਇੱਕ ਬਿਹਤਰ ਦੁਨੀਆ ਨੂੰ ਆਕਾਰ ਦੇ ਸਕਦਾ ਹੈ। ਉਨ੍ਹਾ ਕਿਹਾ ਕਿ ਅਗਲੇ ਦਹਾਕੇ ਲਈ ਇੱਕ

● ਬਾਕੀ ਸਫ਼ਾ 2 'ਤੇ

ਐੱਫ-35 ਲੜਾਕੂ ਜਹਾਜ਼ ਦੇਣ ਦੀ ਪੇਸ਼ਕਸ਼

ਕੇਂਦਰੀ ਮੰਤਰੀ ਨਾਲ ਗੱਲਬਾਤ ਲਈ ਡੱਲੇਵਾਲ ਐਂਬੂਲੈਂਸ 'ਚ ਪੁੱਜੇ

ਚੰਡੀਗੜ੍ਹ : ਇਥੇ ਸੈਕਟਰ 26 ਵਿਖੇ 'ਮਗਸਿਪਾ' ਵਿੱਚ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਤੇ ਕਿਸਾਨ ਆਗੂਆਂ ਦਰਮਿਆਨ ਬੈਠਕ ਸ਼ੁੱਕਰਵਾਰ ਸ਼ਾਮੀਂ ਸ਼ੁਰੂ ਹੋਈ। ਕਿਸਾਨਾਂ ਦੀ ਨੁਮਾਇੰਦਗੀ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ-ਮਜ਼ਦੂਰ ਮੋਰਚਾ ਦੇ ਦੋ ਦਰਜਨ ਤੋਂ ਵੱਧ ਆਗੂ ਕਰ ਰਹੇ ਹਨ। ਬੈਠਕ ਲਈ ਖਨੌਰੀ (ਢਾਬੀ ਗੁਜਰਾਂ) ਬਾਰਡਰ ਤੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਵਿਸ਼ੇਸ਼ ਤੌਰ 'ਤੇ ਐਂਬੂਲੈਂਸ ਵਿਚ ਲਿਆਂਦਾ ਗਿਆ। ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੋਂ ਇਲਾਵਾ ਪੰਜਾਬ ਦੇ ਮੁੱਖ ਸਕੱਤਰ ਕੇ ਏ ਪੀ ਸਿਨਹਾ, ਐਡੀਸ਼ਨਲ ਮੁੱਖ ਸਕੱਤਰ ਅਨੁਰਾਗ ਵਰਮਾ, ਡੀ ਜੀ ਪੀ ਗੌਰਵ ਯਾਦਵ ਆਦਿ ਵੀ ਬੈਠਕ ਵਿਚ ਮੌਜੂਦ ਰਹੇ। ਭਾਵੇਂ ਇਸ



ਬੈਠਕ ਤੋਂ ਕਿਸੇ ਫੈਸਲਾਕੁੰਨ ਨਤੀਜੇ ਦੀ ਉਮੀਦ ਨਹੀਂ, ਪਰ ਇਸ ਨਾਲ ਇੱਕ ਵਾਰ ਫਿਰ ਦੋਵਾਂ ਧਿਰਾਂ ਵਿਚਕਾਰ ਸਾਰੀਆਂ ਫਸਲਾਂ ਲਈ ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਦੇ ਮੁੱਦੇ 'ਤੇ ਕਿਸੇ ਸਾਂਝੇ ਆਧਾਰ 'ਤੇ ਪਹੁੰਚਣ ਲਈ ਗੱਲਬਾਤ ਦਾ ਰਾਹ ਪੱਧਰਾ ਹੋਣ ਦੀ ਉਮੀਦ ਹੈ। ਕਿਸਾਨ ਆਗੂ ਦਸ ਮੰਗਾਂ ਲੈ ਕੇ ਪੁੱਜੇ, ਜਿਨ੍ਹਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨੀ ਗਾਰੰਟੀ, ਸਵਾਮੀਨਾਥਨ ਕਮਿਸ਼ਨ ਰਿਪੋਰਟ ਲਾਗੂ ਕਰਨਾ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕਰਜ਼ਾ ਮੁਆਫ਼ੀ, ਕਿਸਾਨਾਂ ਤੇ ਮਜ਼ਦੂਰਾਂ ਲਈ ਪੈਨਸ਼ਨ ਸਕੀਮ

15-FEB-PAGE-1.qxd 2/14/2025 8:55 PM Page 2

'ਟ੍ਰੈਫਿਕ ਨਿਯਮ ਤੇ ਸੜਕ ਸੁਰੱਖਿਆ' ਵਿਸ਼ੇ 'ਤੇ ਸੈਮੀਨਾਰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿੱਚ ਪ੍ਰਿੰਸੀਪਲ ਰਪਿੰਦਰ ਪਟਿਆਲ ਦੀ ਅਗਵਾਈ ਹੇਠ ਐਨ ਸੀ ਸੀ (ਨੈਸ਼ਨਲ ਕੈਡੇਟ ਕੋਰ) ਦੇ ਵਿਦਿਆਰਥੀਆਂ ਲਈ 'ਟ੍ਰੈਫਿਕ ਨਿਯਮ ਅਤੇ ਸੜਕ ਸੁਰੱਖਿਆ' ਵਿਸ਼ੇ 'ਤੇ ਇੱਕ ਮਹੱਤਵਪੂਰਨ ਸੈਮੀਨਾਰ ਦਾ ਆਯੋਜਨ ਕੀਤਾ।ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਸੜਕ ਸੁਰੱਖਿਆ ਦੀ ਮਹੱਤਤਾ ਨੂੰ ਸਮਝਾਉਣਾ ਸੀ।ਇਸ ਤਹਿਤ ਅਵਨੀਤ ਕੌਡਲ ਐਸ ਐਸ ਪੀ ਬਠਿੰਡਾ ਦੇ ਨਿਰਦੇਸ਼ਾਂ ਅਨੁਸਾਰ, ਏ.ਐਸ.ਆਈ ਹਾਕਮ ਸਿੰਘ (ਟਰੈਫਿਕ ਐਜੂਕੇਸ਼ਨ ਸੈਲ, ਬਠਿੰਡਾ) ਮੁੱਖ ਤੌਰ 'ਤੇ ਸੈਮੀਨਾਰ ਵਿੱਚ ਸਾਰੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਪਹੁੰਚੇ।ਉਨ੍ਹਾਂ ਕਿਹਾ ਕਿ ਸੜਕਾਂ 'ਤੇ ਸੁਰੱਖਿਅਤ ਢੰਗ ਨਾਲ ਤੁਰਨਾ ਨਾ ਸਿਰਫ਼ ਆਪਣੀ ਜਾਨ ਦੀ ਰੱਖਿਆ ਕਰਦਾ ਹੈ, ਸਗੋਂ ਦੂਜਿਆਂ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਂਦਾ ਹੈ।ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਮੁੱਖ ਬੁਲਾਰੇ ਹਾਕਮ ਸਿੰਘ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਣ ਦਾ ਸੱਦਾ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨਾਲ ਇੱਕ ਸਵਾਲ-ਜਵਾਬ ਸੈਸ਼ਨ ਵੀ ਕੀਤਾ ਗਿਆ।ਇਸ ਮੌਕੇ ਕੋਆਰਡੀਨੇਟਰ ਵਿਕਰਮਜੀਤ ਸਿੰਘ, ਆਸ਼ੂ ਰਾਣੀ, ਐਨ ਸੀ ਸੀ ਇੰਚਾਰਜ ਦੀਦੀ ਮੋਹਦੀਪ ਅਤੇ ਹੋਰ ਸਕੂਲ ਅਧਿਆਪਕ ਮੌਜੂਦ ਸਨ।

ਵਿਵੇਕਾਨੰਦ ਵਰਲਡ ਸਕੂਲ ਤੇ ਐੱਸ ਆਰ ਸੀ ਸੀ ਦੀ ਵਿਤਸ਼ਾਲਾ ਹੋਏ ਸਹਿਯੋਗੀ



ਫ਼ਿਰੋਜ਼ਪੁਰ (ਗੁਰਬਚਨ ਸਿੰਘ)-ਵਿਵੇਕਾਨੰਦ ਵਰਲਡ ਸਕੂਲ ਨੇ ਦਿੱਲੀ ਯੂਨੀਵਰਸਿਟੀ ਦੇ ਸ਼੍ਰੀ ਰਾਮ ਕਾਲਜ ਆਫ ਕਾਮਰਸ ਦੀ ਵਿਤਸ਼ਾਲਾ-ਦ ਫਾਇਨੈਂਸ਼ਲ ਲਿਟਰੇਸੀ ਸੈੱਲ ਨਾਲ ਇੱਕ ਮਹੱਤਵਪੂਰਨ ਸਮਝੌਤਾ ਕੀਤਾ ਹੈ।ਇਸ ਸਹਿਯੋਗ ਦੇ ਤਹਿਤ, ਸਕੂਲ ਵਿੱਚ ਫਾਇਨੈਂਸ ਕਲੱਬ ਵਿਤਸ਼ਾਲਾ ਇਨਿਸ਼ੀਏਟਿਵ ਦੀ ਸਥਾਪਨਾ ਕੀਤੀ ਜਾਵੇਗੀ, ਜੋ ਵਿਦਿਆਰਥੀਆਂ ਨੂੰ ਵਿੱਤ ਸਿੱਖਿਆ ਪ੍ਰਦਾਨ ਕਰੇਗੀ ਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਜਾਗਰੂਕ ਬਣਾਏਗੀ।ਇਸ ਤਹਿਤ ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀ ਹਰੇਕ ਮਹੀਨੇ ਵਿੱਤ ਸਾਖਰਤਾ ਨਾਲ ਸਬੰਧਤ ਗਤੀਵਿਧੀਆਂ, ਵਰਕਸ਼ਾਪਾਂ ਅਤੇ ਸ਼ੈਸ਼ਨਾਂ ਵਿੱਚ ਭਾਗ ਲੈਣਗੇ। ਇਹ ਕਲੱਬ ਅਧਿਆਪਕਾਂ ਦੀ ਦੇਖ-ਰੇਖ ਹੇਠ ਕੰਮ ਕਰੇਗਾ, ਜਿਸ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀ ਮੁੱਖ ਭੂਮਿਕਾ ਨਿਭਾਉਣਗੇ।ਡਾ.ਐਸ. ਐਨ. ਰੁਦਰਾ ਨਿਰਦੇਸ਼ਕ ਵਿਵੇਕਾਨੰਦ ਵਰਲਡ ਸਕੂਲ ਨੇ ਕਿਹਾ, ਇਹ ਸਹਿਯੋਗ ਸਾਡੇ ਵਿਦਿਆਰਥੀਆਂ ਨੂੰ ਵਿੱਤ ਜਾਗਰੂਕਤਾ ਅਤੇ ਵਿਵਹਾਰਕ ਗਿਆਨ ਪ੍ਰਾਪਤ ਕਰਨ ਦਾ ਇੱਕ ਵਿਲੱਖਣ ਮੌਕਾ ਦੇਵੇਗਾ, ਜਿਸ ਨਾਲ ਉਹ ਆਪਣੇ ਭਵਿੱਖ ਦੀ ਆਰਥਿਕ ਯੋਜਨਾ ਨੂੰ ਵਧੀਆ ਢੰਗ ਨਾਲ ਸਮਝ ਸਕਣਗੇ।ਪ੍ਰਿੰਸੀਪਲ ਤਜਿੰਦਰ ਪਾਲ ਕੌਰ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ, ਇਹ ਸਹਿਯੋਗ ਸਾਡੇ ਵਿਦਿਆਰਥੀਆਂ ਲਈ ਇੱਕ ਸ਼ਕਤੀਸ਼ਾਲੀ ਮੰਚ ਹੋਵੇਗਾ, ਜੋ ਉਨ੍ਹਾਂ ਨੂੰ ਵਿੱਤ ਸਿੱਖਿਆ ਰਾਹੀਂ ਉਦਯਮੀਤਾ ਵੱਲ ਪ੍ਰੇਰਿਤ ਕਰੇਗਾ।

ਹਲਕਾ ਵਿਧਾਇਕ ਸਿੱਧੂ ਨੇ ਮਿਲਣੀ ਦੌਰਾਨ ਮੁਸ਼ਕਲਾਂ ਸੁਣੀਆਂ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਸਥਾਨਕ ਸ਼ਹਿਰ ਦੀ ਮਾਰਕੀਟ ਕਮੇਟੀ ਵਿਖੇ ਹਲਕਾ ਰਾਮਪੁਰਾ ਫੂਲ ਵਾਸੀਆਂ ਨਾਲ ਮਿਲਣੀ ਦੌਰਾਨ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਮੌਕੇ 'ਤੇ ਨਿਪਟਾਰਾ ਕਰਦਿਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਲਈ ਨਿਰਦੇਸ਼ ਦਿੱਤੇ। ਇਸ ਮੌਕੇ ਵਿਧਾਇਕ ਸਿੱਧੂ ਨੇ ਕਿਹਾ ਕਿ ਰਾਮਪੁਰਾ ਸ਼ਹਿਰ ਨੂੰ ਵਿਕਾਸ ਪੱਖੋਂ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ ਤੇ ਹਲਕਾ ਰਾਮਪੁਰਾ ਫੂਲ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡਾਂਗੇ।ਵਿਧਾਇਕ ਸਿੱਧੂ ਨੇ ਕਿਹਾ ਕਿ ਰਾਮਪੁਰਾ ਫੂਲ ਵਿਖੇ 85 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੇ ਦੋ ਸੂਏ ਦੇ ਪੁਲਾਂ ਦਾ ਕੰਮ ਸ਼ੁਰੂ ਕਰਵਾਇਆ ਅਤੇ 25 ਕਰੋੜ ਰੁਪਏ ਦੀ ਲਾਗਤ ਨਾਲ ਕੰਕਰੀਟ ਨਾਲ ਸੂਆ ਪੱਕਾ ਕਰਵਾਉਣ ਦਾ ਕੰਮ ਵੀ ਬਹੁਤ ਤੇਜ਼ੀ ਨਾਲ ਚੱਲ ਰਿਹਾ। ਇਸ ਕੰਮ ਬਾਰੇ ਵਿਧਾਇਕ ਬਲਕਾਰ ਸਿੱਧੂ ਨੇ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਨੂੰ ਕੰਮ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦਾ ਨਿਰਦੇਸ਼ ਦਿੱਤਾ ਅਤੇ ਹਲਕੇ ਵਿੱਚ ਹੋਰ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਸਬੰਧਿਤ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਾਲਾ ਭੁੱਚੋ, ਕਾਨੂੰਨਗੋ ਉਪਜਿੰਦਰ ਸਿੰਘ, ਨਗਰ ਕੌਂਸਲ ਰਾਮਪੁਰਾ ਦੇ ਪ੍ਰਧਾਨ ਕਿਰਨਦੀਪ ਕੌਰ ਬਰਾੜ, ਸੀਨੀਅਰ ਆਗੂ ਰੋਬੀ ਬਰਾੜ, ਦਰਸ਼ਨ ਸੋਹੀ, ਆਮ ਆਦਮੀ ਪਾਰਟੀ ਹਲਕਾ ਰਾਮਪੁਰਾ ਦੀ ਸਾਰੀ ਟੀਮ ਤੋਂ ਇਲਾਵਾ ਵੱਖ-ਵੱਖ ਪਿੰਡਾਂ ਤੋਂ ਆਏ ਪੰਚਾਇਤ ਮੈਂਬਰ ਸਰਪੰਚ ਆਦਿ ਹਾਜ਼ਰ ਸਨ।

ਐੱਸ.ਐੱਸ.ਡੀ. ਸਰਕਾਰੀ ਸਕੂਲ ਦੇ ਵਿਦਿਆਰਥੀ ਜੈਪੁਰ ਵਿੱਦਿਅਕ ਦੌਰੇ 'ਤੇ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ ਸਾਇੰਸ ਗਰੁੱਪ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਇੰਟਰਸਟੇਟ ਐਕਸਪੋਜ਼ਰ ਟੂਰ 'ਤੇ ਜੈਪੁਰ ਭੇਜਿਆ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ ਐੱਸ ਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਸਕੂਲ ਦੇ ਸਾਇੰਸ ਗਰੁੱਪ ਦੇ ਪੰਜ ਵਿਦਿਆਰਥੀਆਂ ਦੀ ਚੋਣ ਦਸਵੀਂ ਸ਼੍ਰੇਣੀ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਹੋਈ ਤੇ ਉਨ੍ਹਾਂ ਨੂੰ ਜੈਪੁਰ ਸ਼ਹਿਰ ਦੀ ਸੈਰ ਕਰਵਾਈ ਗਈ।ਬਲਾਕ ਨੋਡਲ ਅਫਸਰ ਹਰਨੀਤ ਸਿੰਘ ਭਾਟੀਆ ਤੇ ਪ੍ਰਿੰਸੀਪਲ ਨਿਰੰਜਨ ਕੁਮਾਰ ਦੇ ਯਤਨਾਂ ਸਦਕਾ ਪੰਜਾਬ ਦੇ ਕੁੱਲ 91 ਵਿਦਿਆਰਥੀਆਂ ਵਿੱਚੋਂ ਪੰਜ ਵਿਦਿਆਰਥੀ ਇਸ ਸਕੂਲ ਵਿੱਚੋਂ ਸਿਲੈਕਟ ਹੋਏ ਤੇ ਛੇ ਰੋਜ਼ਾ ਜੈਪੁਰ ਟੂਰ 'ਤੇ ਗਏ।ਇਹ ਟੂਰ ਵਿਦਿਆਰਥੀਆਂ ਲਈ ਵਿੱਦਿਅਕ, ਇਤਿਹਾਸਕ ਤੇ ਸੱਭਿਆਚਾਰਕ ਪੱਖੋਂ ਵਿਸ਼ੇਸ਼ ਮਹੱਤਤਾ ਵਾਲਾ ਰਿਹਾ।ਸ਼੍ਰੇਣੀ ਇੰਚਾਰਜ ਮੀਨਾਕਸ਼ੀ ਸ਼ਰਮਾ ਦੀ ਅਗਵਾਈ ਵਿੱਚ ਇਨ੍ਹਾਂ ਵਿਦਿਆਰਥੀਆਂ ਨੇ ਸਵੇਰ ਦੀ ਸਭਾ ਵਿੱਚ ਆਪਣੇ ਅਨੁਭਵ ਵੀ ਬੱਚਿਆਂ ਨਾਲ ਸਾਂਝੇ ਕੀਤੇ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵੇ ਕਰਨ ਵਾਲੀ ਸਰਕਾਰ ਤਨਖਾਹਾਂ ਦੇਣ ਤੋਂ ਵੀ ਅਸਮਰੱਥ : ਗੁਰਪ੍ਰੀਤ ਢਿੱਲੋਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)-ਪੰਜਾਬ ਰੋਡਵੇਜ਼ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਰਜਿ: 25/11 ਵੱਲੋਂ ਸਾਂਝੇ ਤੌਰ 'ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜਾਬ ਵਿੱਚ ਵੱਡੇ ਵੱਡੇ ਵਾਅਦੇ ਕਰਨ ਵਾਲੀ ਸਰਕਾਰ ਤੇ ਪੰਜਾਬ ਦੇ ਲੋਕਾਂ ਨੂੰ ਝੂਠੇ ਇਸ਼ਤਿਹਾਰਾਂ ਰਾਹੀਂ ਗੁੰਮਰਾਹ ਵਾਲੀ ਸਰਕਾਰ ਦੀ ਸਚਾਈ ਇਹ ਹੈ ਕਿ ਸਰਕਾਰ ਵੱਲੋਂ ਵ੍ਹੀ ਦੇ ਨਾਮ 'ਤੇ ਵਾਹ ਵਾਹ ਤਾਂ ਖੱਟੀ ਜਾ ਰਹੀ ਹੈ, ਪਰ ਜਿਨ੍ਹਾਂ ਵਿਭਾਗਾਂ ਵੱਲੋਂ ਵ੍ਹੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਮੁਲਾਜ਼ਮ ਪੱਕੇ ਤਾਂ ਕੀ ਕਰਨੇ ਹਨ, ਉਨ੍ਹਾਂ ਦੀਆਂ ਤਨਖਾਹਾਂ ਤੱਕ ਨਹੀਂ ਦਿੱਤੀਆਂ ਜਾ ਰਹੀਆਂ।ਟਰਾਂਸਪੋਰਟ ਵਿਭਾਗ ਵਿੱਚ ਬੱਸਾਂ ਨਵੀਆਂ ਨਹੀਂ ਪਾਈਆਂ ਗਈਆਂ, ਟਾਇਰਾਂ ਤੋਂ ਬੱਸਾਂ ਖੜੀਆਂ ਹਨ, ਸਪੇਅਰ ਪਾਰਟ ਤੋਂ ਬੱਸਾਂ ਖੜੀਆਂ ਹਨ, ਟਿਕਟਾਂ ਕੱਟਣ ਵਾਲੀਆਂ ਮਸ਼ੀਨਾਂ ਤੱਕ ਪਨਬੱਸ ਕੋਲ ਨਹੀਂ ਹਨ, ਅਜਿਹੀ ਸਥਿਤੀ ਵਿੱਚ ਸਰਕਾਰ ਆਪਣੇ ਝੂਠਾਂ ਦੇ ਸਿਰ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ 'ਤੇ ਲੱਗੀ ਹੈ, ਜਿਵੇਂ ਦਿੱਲੀ ਵਿੱਚ ਕੰਮ ਦੇ ਦਾਅਵੇ ਕੀਤੇ ਸਨ ਤੇ ਉਲਟਾ ਹਾਲਾਤ ਹੋਰ ਨਿੱਕਲੇ, ਉਸੇ ਤਰ੍ਹਾਂ ਹੀ ਪੰਜਾਬ ਵਿੱਚ ਵੀ ਟਰਾਂਸਪੋਰਟ ਵਿਭਾਗ ਦੇ ਅਸਲ ਹਾਲਾਤ ਕੁੱਝ ਹੋਰ ਹੀ ਹਨ, ਵ੍ਹੀ ਸਫ਼ਰ ਸਹੂਲਤਾਂ ਦੇ 700-800 ਕਰੋੜ ਰੁਪਏ ਪਨਬਸ ਤੇ ਏਨੇ ਹੀ ਪੀ ਆਰ ਟੀ ਸੀ ਦੇ ਸਰਕਾਰ ਵੱਲ ਬਕਾਇਆ ਰਾਸ਼ੀ ਚੱਲ ਰਹੀ ਹੈ। ਵ੍ਹੀ ਦੇ ਪੈਸੇ ਨਾ ਆਉਣ ਕਾਰਨ ਤੇ ਮੈਨੇਜਮੈਂਟ ਦੀਆਂ ਨਾਕਾਮੀਆਂ ਕਾਰਨ ਦਿਨ-ਰਾਤ ਮਿਹਨਤ ਕਰਨ ਵਾਲੇ ਕੱਚੇ ਮੁਲਾਜ਼ਮਾਂ ਨੂੰ ਹੁਣ ਤੱਕ ਤਨਖਾਹਾਂ ਨਹੀਂ ਦਿੱਤੀਆਂ ਗਈਆਂ। ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਵਿਭਾਗ ਵਿੱਚ ਤਨਖਾਹਾਂ ਦੇਣ ਤੋਂ ਵੀ ਅਸਮਰੱਥ ਹੋ ਚੁੱਕੀ ਹੈ।ਡਿੱਪੂ ਮੁਕਤਸਰ ਦੇ ਪ੍ਰਧਾਨ ਜਗਸੀਰ ਸਿੰਘ ਮਾਣਕ ਨੇ ਦੱਸਿਆ ਕਿ ਜੋ ਸਰਕਾਰ ਸੱਤਾ ਆਉਣ ਤੋਂ ਪਹਿਲਾ ਕੱਚੇ ਮੁਲਾਜ਼ਮਾਂ ਦਾ ਹਰ ਇੱਕ ਮਸਲਾ ਹੱਲ ਕਰਨ ਦੀ ਗੱਲ ਕਰਦੀ ਸੀ, ਹੁਣ ਉਨ੍ਹਾਂ ਮੁਲਾਜ਼ਮਾਂ ਨੂੰ ਮੰਗਾਂ ਮੰਨਵਾਉਣ ਲਈ ਸੰਘਰਸ਼ ਕਰਨੇ ਪੈ ਰਹੇ ਹਨ। ਉਨ੍ਹਾਂ ਯੂਨੀਅਨ ਵੱਲੋਂ ਚਿਤਾਵਨੀ ਦਿੰਦਿਆਂ ਦੱਸਿਆ ਕਿ ਜੇਕਰ ਸਰਕਾਰ ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਤਰੁੰਤ ਰਿਲੀਜ਼ ਕਰਨ ਸਮੇਤ ਸਾਰੇ ਮਸਲਿਆਂ ਦਾ ਹੱਲ ਨਹੀਂ ਕਰਦੀ ਤਾਂ 17 ਫਰਵਰੀ 2025 ਨੂੰ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕਰਕੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਇਸ ਤੋਂ ਬਾਅਦ ਬੱਸ ਸਟੈਂਡ ਬੰਦ ਸਮੇਤ ਬੱਸਾਂ ਸੜਕਾਂ 'ਤੇ ਖੜੀਆਂ ਕਰਨ ਲਈ ਮੁਲਾਜ਼ਮ ਮਜਬੂਰ ਹੋਣਗੇ।ਇਸ ਸੰਘਰਸ਼ ਦੌਰਾਨ ਹੋਣ ਵਾਲੇ ਨੁਕਸਾਨ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ।

ਦੀਨਾ ਸਾਹਿਬ ਵਿਖੇ ਤਿੰਨ ਰੋਜ਼ਾ ਸਾਲਾਨਾ ਧਾਰਮਿਕ ਸਮਾਗਮ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਗੁਰਦੁਆਰਾ ਲੋਹਗੜ੍ਹ ਸਾਹਿਬ ਦੀ ਪ੍ਰਬੰਧਕੀ ਕਮੇਟੀ, ਧਾਰਮਿਕ ਜਥੇਬੰਦੀਆਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਾਲਵੇ ਦੇ ਇਤਿਹਾਸਕ ਨਗਰ ਪਿੰਡ ਦੀਨਾ ਸਾਹਿਬ ਵਿਖੇ ਸਥਿਤ ਗੁਰਦੁਆਰਾ ਲੋਹਗੜ੍ਹ ਸਾਹਿਬ (ਜ਼ਫਰਨਾਮਾ ਸਾਹਿਬ) ਵਿਖੇ ਸਾਲਾਨਾ ਤਿੰਨ ਰੋਜ਼ਾ ਜ਼ਫਰਨਾਮਾ ਦਿਵਸ ਸਮਾਗਮ ਕਰਵਾਇਆ ਗਿਆ। ਇਨ੍ਹਾਂ ਸਮਾਗਮਾਂ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਕਰਵਾਏ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਕਥਾਵਾਚਕ ਬਾਬਾ ਬੰਤਾ ਸਿੰਘ (ਮੁੰਡਾ ਪਿੰਡ) ਵਾਲਿਆਂ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਅਸਥਾਨ ਤੋਂ ਉਸ ਸਮੇਂ ਦੇ ਮੁਗ਼ਲ ਹਾਕਮ ਔਰੰਗਜ਼ੇਬ ਬਾਦਸ਼ਾਹ ਨੂੰ ਭੇਜੇ ਫ਼ਤਿਹ ਦੇ ਖ਼ਤ ਜ਼ਫ਼ਰਨਾਮਾ ਦਾ ਇਤਿਹਾਸ ਵਰਨਣ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਆਪਣੀ ਕਲਮ ਰਾਹੀਂ ਲਿਖੇ ਜ਼ਫਰਨਾਮਾ ਖ਼ਤ ਦੇ ਸ਼ਬਦਾਂ ਰਾਹੀਂ ਉਸ ਵੱਲੋਂ ਧਰਮ ਦੀ ਆੜ 'ਚ ਕੀਤੀਆਂ ਬੇਇੰਸਾਫੀਆਂ ਦਾ ਜ਼ਿਕਰ ਕਰਦਿਆਂ ਸ਼ਬਦੀ ਵਾਰ ਰਾਹੀਂ ਉਸ ਹਾਕਮ ਨੂੰ ਮੌਤ ਦੇ ਰਾਹ ਪਾ ਦਿੱਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਵੱਖ-ਵੱਖ ਕਿਸਮਾਂ ਦੇ ਫਲ਼ਦਾਰ ਅਤੇ ਛਾਂਦਾਰ ਬੂਟੇ ਵੰਡੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਮੇਲ ਸਿੰਘ ਸੰਗਤਪੁਰਾ ਅਤੇ ਐਡਵੋਕੇਟ ਬਰਜਿੰਦਰ ਸਿੰਘ ਮੱਖਣ ਬਰਾੜ ਵੱਲੋਂ ਸਮਾਗਮਾਂ 'ਚ ਸਹਿਯੋਗ ਦੇਣ ਵਾਲੀਆਂ ਸਮੁੱਚੀਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਜ਼ਫ਼ਰਨਾਮਾ ਸਮਾਗਮ ਹਰ ਸਾਲ ਫੱਗਣ ਦੀ ਮਹੀਨੇ 'ਤੇ ਸੰਗਰਾਂਦ 'ਤੇ ਹੀ ਕਰਵਾਏ ਜਾਇਆ ਕਰਨਗੇ। ਇਸ ਮੌਕੇ ਕਥਾਵਾਚਕ ਬਾਬਾ ਬੰਤਾ ਸਿੰਘ (ਮੁੰਡਾ ਪਿੰਡ ਵਾਲੇ) ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਹਲਕਾ ਇੰਚਾਰਜ ਬਲਦੇਵ ਸਿੰਘ ਮਾਣੂੰਕੇ, ਸੀਨੀਅਰ ਅਕਾਲੀ ਆਗੂ ਬਚਿੱਤਰ ਸਿੰਘ ਘੋਲੀਆ, ਚੇਅਰਮੈਨ ਖਣਮੁਖ ਭਾਰਤੀ ਪੱ

15-Feb-PAGE-3.qxd 2/14/2025 8:57 PM Page 1

25 ਨੂੰ ਜਲੰਧਰ ਵਿਖੇ ਸੂਬਾ ਪੱਧਰੀ ਰੈਲੀ 'ਚ ਮਨਰੇਗਾ ਵਰਕਰਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦਾ ਸੱਦਾ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ 25 ਫਰਵਰੀ ਜਲੰਧਰ 'ਚ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ 'ਚ ਮਨਰੇਗਾ ਵਰਕਰਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦਾ ਸੱਦਾ ਪਿੰਡ ਦਬੁਰਜੀ 'ਚ ਭਰਵੀਂ ਮੀਟਿੰਗ ਕਰਕੇ ਦਿੱਤਾ ਗਿਆ ।ਮੀਟਿੰਗ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਦਬੁਰਜੀ ਨੇ ਕੀਤੀ ।ਮੀਟਿੰਗ ਵਿੱਚ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਤੇ ਵਿਚਾਰਾ ਕੀਤੀਆਂ ਗਈਆ ।ਇਸ ਮੌਕੇ ਆਰਐੱਮਪੀਆਈ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ , ਮਨਰੇਗਾ ਵਰਕਰ ਯੂਨੀਅਨ ਦੇ ਜਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੋਲ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਦਿਹਾਤੀ ਮਜ਼ਦੂਰਾਂ ਦੇ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਘੱਟੋ-ਘੱਟ 700 ਰੁਪਏ ਦਿੱਤੀ ਜਾਵੇ, ਕਸਬਿਆਂ ਤੇ ਸ਼ਹਿਰਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰਕੇ ਇਥੇ ਰਹਿੰਦੇ ਮਜ਼ਦੂਰਾਂ ਨੂੰ ਵੀ ਕੰਮ ਦੇਣ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰ ਵੱਲੋਂ ਸਮਾਜਿਕ ਸੁਰੱਖਿਆ ਕਾਨੂੰਨ ਅਨੁਸਾਰ ਸਾਰੀਆਂ ਸਕੀਮਾਂ ਅਧੀਨ ਮਿਲਦੀਆਂ ਸਹੂਲਤਾਂ ਚਾਲੂ ਕੀਤੀਆਂ ਜਾਣ ਅਤੇ ਚੋਣਾਂ ਸਮੇਂ ਕੀਤੇ ਵਾਅਦੇ, ਗਰੰਟੀਆਂ ਅਨੁਸਾਰ ਬੁਢਾਪਾ, ਵਿਧਵਾ, ਅੰਗਹੀਣ ਤੇ ਆਸ਼ਰਿਤ ਪੈਨਸ਼ਨ 2500 ਰੁਪਏ ਮਹੀਨਾ ਤੁਰੰਤ ਚਾਲੂ ਕੀਤੀ ਜਾਵੇ।ਪਰ ਇਹ ਪੈਨਸ਼ਨ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਘੱਟੋ-ਘੱਟ 10000 ਰੁਪਏ ਕੀਤੀ ਜਾਵੇ ।ਉਮਰ ਦੀ ਹੱਦ ਮਰਦ ਲਈ 58 ਸਾਲ ਅਤੇ ਔਰਤ ਲਈ 55 ਸਾਲ ਕੀਤੀ ਜਾਵੇ।ਚੋਣਾਂ ਸਮੇਂ ਕੀਤੇ ਵਾਅਦੇ ਅਤੇ ਗਰੰਟੀਆਂ ਦੀ ਪੂਰਤੀ ਲਈ ਹਰ ਔਰਤ ਨੂੰ ਪ੍ਰਤੀ ਮਹੀਨਾ 1100 ਰੁਪਏ ਤੁਰੰਤ ਦੇਣ ਦਾ ਫੌਰੀ ਪ੍ਰਬੰਧ ਕੀਤਾ ਜਾਵੇ ਅਤੇ ਸਰਕਾਰ ਬਣਨ ਤੋਂ ਲੈ ਕੇ ਹੁਣ ਤੱਕ ਦਾ ਸਾਰਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ।

ਪਬਲਿਕ ਵੰਡ ਪ੍ਰਣਾਲੀ ਮਜਬੂਤ ਕਰਕੇ ਸਾਰੇ ਸਹੀ ਹੱਕਦਾਰਾਂ ਨੂੰ ਸਰਕਾਰੀ ਡੀਪੂਆਂ ਰਾਹੀਂ ਕਣਕ, ਚਾਵਲ, ਦਾਲ, ਖੰਡ, ਚਾਹ ਪੱਤੀ, ਸਾਬਣ, ਸਰਫ, ਹਲਦੀ, ਮਸਾਲੇ, ਖਾਣ ਵਾਲੇ ਤੇਲ, ਕੱਪੜਾ ਤੇ ਰਸੋਈ ਗੈਸ ਆਦਿ ਵਰਤੋਂ ਦੀਆਂ ਸਾਰੀਆਂ ਜ਼ਰੂਰੀ ਵਸਤਾਂ ਸਬਸਿਡੀ ਦੇ ਕੇ ਸਸਤੇ ਭਾਅ ਤੇ ਦਿੱਤੀਆਂ ਜਾਣ। ਕੱਟੇ ਹੋਏ ਸਹੀ ਰਾਸ਼ਨ ਕਾਰਡ ਤੁਰੰਤ ਬਣਾਏ ਜਾਣ, ਲੋੜਵੰਦਾਂ ਦੇ ਨਵੇਂ ਕਾਰਡ ਬਣਾਏ ਜਾਣ ਅਤੇ ਵਾਧੂ ਬਣੇਂ ਗੈਰ-ਜ਼ਰੂਰਤਵੰਦਾਂ ਦੇ ਰਾਸ਼ਨ ਕਾਰਡਾਂ 'ਤੇ ਰੋਕ ਲਾਈ ਜਾਵੇ।ਇਸ ਵਿਚ ਹੁੰਦਾ ਭ੍ਰਿਸ਼ਟਾਚਾਰ ਤੁਰੰਤ ਸਖਤੀ ਨਾਲ ਰੋਕਿਆ ਜਾਵੇ।ਸਾਰੇ ਲੋਕਾਂ ਲਈ ਪੀਣ ਵਾਲੇ ਸਾਫ ਪਾਣੀ ਦਾ ਮੁਫਤ ਪ੍ਰਬੰਧ ਕੀਤਾ ਜਾਵੇ ਅਤੇ ਲੋੜ ਮੁਤਾਬਿਕ ਸਪਲਾਈ ਦਿੱਤੀ ਜਾਵੇ।ਸਰਕਾਰੀ ਸਕੂਲਾਂ ਵਿੱਚ ਲੋੜ ਮੁਤਾਬਿਕ ਟੀਚਰ ਰੈਗੂਲਰ ਭਰਤੀ ਕੀਤੇ ਜਾਣ ਅਤੇ ਸਾਰੇ ਲੋਕਾਂ ਨੂੰ ਸਰਕਾਰੀ ਤੌਰ ਤੇ ਬਰਾਬਰ ਵਿਦਿਆ ਮੁਫਤ ਦਿੱਤੀ ਜਾਵੇ ਅਤੇ ਨਵੀਂ ਵਿੱਦਿਆ ਨੀਤੀ ਰੱਦ ਕੀਤੀ ਜਾਵੇ।ਪਹਿਲਾਂ ਬਣੇ ਸਰਕਾਰੀ ਹਸਪਤਾਲਾਂ ਦੀ ਹਾਲਤ ਵਿੱਚ ਸੁਧਾਰ ਕੀਤਾ ਜਾਵੇ, ਸਾਰੇ ਮਜ਼ਦੂਰਾਂ ਅਤੇ ਹੋਰ ਲੋੜਵੰਦਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ ਕੀਤੇ ਜਾਣ ਅਤੇ ਮਾਈਕਰੋ ਫਾਈਨਾਂਸ ਕੰਪਨੀਆਂ ਦੀ ਲੁੱਟ ਤੋਂ ਬਚਾਉਣ ਲਈ ਬੈਂਕਾਂ ਰਾਹੀਂ ਬਿਨਾਂ ਵਿਆਜ਼ ਕਰਜ਼ਾ ਦਿੱਤਾ ਜਾਵੇ ।ਸਾਰੇ ਬੇਘਰੇ ਲੋਕਾਂ ਨੂੰ ਸ਼ਹਿਰੀ ਖੇਤਰ ਵਿੱਚ 5-5 ਮਰਲੇ ਅਤੇ ਪੇਂਡੂ ਖੇਤਰ ਵਿਚ 10-10 ਮਰਲੇ ਦੇ ਰਿਹਾਇਸ਼ੀ ਪਲਾਟ ਦੇ ਕੇ ਮਕਾਨ ਬਣਾਉਣ ਲਈ ਘੱਟੋ ਘੱਟ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ ਅਤੇ ਲਾਲ ਲਕੀਰ ਅੰਦਰ ਰਹਿ ਰਹੇ ਮਜਦੂਰਾਂ ਨੂੰ ਮਾਲਕੀ ਹੱਕ ਦੇ ਬਿਨਾ ਫੀਸ ਰਜਿਸਟਰੀਆ ਕੀਤੀਆਂ ਜਾਣ ਕਿਉਂਕਿ ਮਜ਼ਦੂਰਾਂ ਨੂੰ ਜ਼ਮਾਨਤ ਦੇਣ ਲਈ ਲੋਕਾਂ ਦੇ ਤਰਲੇ ਕੱਢਣੇ ਪੈਂਦੇ ਹਨ ਅਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮਜਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਮਜਦੂਰਾਂ ਦੀਆਂ ਜਥੇਬੰਦੀਆ ਨੂੰ ਨਾਲ ਲੈ ਕੇ ਤਿੱਖਾ ਸ਼ੰਘਰਸ਼ ਕੀਤਾ ਜਾਵੇਗਾ । ਇਸ ਮੌਕੇ ਕੁਲਦੀਪ ਸਿੰਘ, ਮੰਗਲ ਸਿੰਘ ਰਟੋਲ, ਅੰਗਰੇਜ਼ ਸਿੰਘ ਕੋਟਲੀ, ਨਿਰਮਲ ਕੌਰ, ਛਿਬੋ, ਮਨਜੀਤ ਕੌਰ, ਹਰਮਨ ਕੌਰ, ਮਨਪ੍ਰੀਤ ਕੌਰ, ਰਾਜਬੀਰ ਕੌਰ, ਗੁਰਮੀਤ ਕੌਰ, ਭਜਨ ਕੌਰ, ਕੁਲਦੀਪ ਕੌਰ, ਬੀਰ ਕੌਰ, ਗੁਰਮੀਤ ਕੌਰ, ਕਸ਼ਮੀਰ ਕੌਰ ਆਦਿ ਹਾਜ਼ਰ ਸਨ ।

ਆਪੀ ਚੈਰੀਟੇਬਲ ਹਸਪਤਾਲ ਨੇ ਮੈਡੀਕਲ ਕੈਂਪ ਲਗਾਇਆ

ਕਰਤਾਰਪੁਰ (ਹਰਮੇਸ਼ ਦੱਤ)- ਸਮਾਜ ਸੇਵੀ ਸੰਸਥਾ ਆਪੀ ਫਾਊਂਡੇਸ਼ਨ ਦੀ ਨਿਗਰਾਨੀ ਹੇਠ ਚੱਲ ਰਹੇ ਆਪੀ ਚੈਰੀਟੇਬਲ ਹਸਪਤਾਲ ਵੱਲੋਂ ਡੇਰਾ ਸੁਵਾਮੀ ਰਾਮ ਸ਼ਰਨਪੁਰੀ ਜੀ ਦੀ 48ਵੀਂ ਬਰਸੀ ਦੇ ਮੌਕੇ 'ਤੇ ਪਿੰਡ ਮਹਿਮਮਦਪੁਰ ਵਿਖੇ ਅੱਖਾਂ ਦੀਆਂ ਬੀਮਾਰੀਆਂ ਦੇ ਨਾਲ ਮੁਫਤ ਸਿਹਤ ਜਾਂਚ ਕੈਂਪ ਹਸਪਤਾਲ ਦੇ ਸਮੂਹ ਸਟਾਫ ਅਤੇ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਵਿੱਚ 215 ਮਰੀਜਾਂ ਦੀ ਜਾਂਚ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ ਅਤੇ ਬੀ.ਪੀ. ਸ਼ੂਗਰ ਦੇ ਟੈਸਟ ਵੀ ਕੀਤੇ ਗਏ। ਮਾਹਰ ਡਾਕਟਰਾਂ ਦੀ ਟੀਮ ਵੱਲੋਂ 50 ਮਰੀਜਾਂ ਦੀਆਂ ਅੱਖਾਂ ਵਿੱਚ ਮੁਫਤ ਆਈ ਲੈਂਸ ਪਾਏ ਜਾਣਗੇ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਮੈਡਮ ਸੁਮਨ ਲਤਾ ,ਪ੍ਰਧਾਨ ਬਿਮਲ ਜੈਨ, ਸਤੀਸ਼ ਗੁਪਤਾ, ਜੱਸੀ ਚਾਹਲ, ਰਜਨੀ ਲਾਂਬਾ, ਸੋਡੀ ਸਿੰਘ, ਗੁਰਚਰਨ ਸਿੰਘ, ਤਰਲੋਚਨ ਸਿੰਘ, ਤਰਸੇਮ ਕੌਰ, ਹੀਰਾ ਸਿੰਘ, ਅਮਨਦੀਪ ਸਿੰਘ, ਕਰਨਵੀਰ ਸਿੰਘ, ਹਰਜੀਤ ਸਿੰਘ, ਜਸਵਿੰਦਰ ਕੌਰ, ਪਲਵਿੰਦਰ ਕੌਰ, ਰਸਿੰਦਰ ਕੌਰ ਅਤੇ ਆਪੀ ਸਟਾਫ ਡਾਕਟਰ ਨੀਰਜ ਕੁਮਾਰ, ਡਾਕਟਰ ਭਾਰਗਵ, ਡਾਕਟਰ ਅਰਸ਼ਪ੍ਰੀਤ ਕੌਰ, ਡਾਕਟਰ ਵਿਨੋਦ ਬੱਗਾ, ਰਾਕੇਸ਼ ਕਮਾਰ ਆਦਿ ਹਾਜ਼ਰ ਸਨ।

ਗਰੀਬ ਲੋਕਾਂ ਦੀ ਭਲਾਈ ਲਈ 'ਲੋਕ ਭਲਾਈ ਪਾਰਟੀ' ਦਾ ਗਠਨ

ਭਿੱਖੀਵਿੰਡ (ਨ ਜ਼ ਸ)

ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਪਿੰਡ ਸੂਰਵਿੰਡ ਵਿਖੇ ਪਿਛਲੇ ਦਿਨਾਂ ਵਿੱਚ ਲੋਕ ਭਲਾਈ ਪਾਰਟੀ ਬਣਾਈ ਗਈ ਜਿਸ ਦਾ ਮੁੱਖ ਕੰਮ ਹੈ ਗਰੀਬ ਵਿਅਕਤੀਆਂ ਦੀ ਆਰਥਿਕ ਮਦਦ ਕਰਨੀ। ਮਦਦ ਵਿੱਚ ਬੱਚਿਆਂ ਦੇ ਵਿਆਹ, ਬੱਚਿਆਂ ਦੀ ਪੜ੍ਹਾਈ, ਸਿਹਤ ਦੇ ਇਲਾਜ ਅਤੇ ਗਰੀਬਾਂ ਨੂੰ ਘਰ ਬਣਾ ਕੇ ਦੇਣਾ ਆਦਿ। ਚੰਦ ਦਿਨ ਪਹਿਲਾਂ 11-2-2025 ਨੂੰ ਇੱਕ ਗਰੀਬ ਲੜਕੀ ਕੋਮਲਪ੍ਰੀਤ ਕੌਰ ਦੇ ਵਿਆਹ ਮੌਕੇ ਉੱਘੇ ਕਮਿਊਨਿਸਟ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਜਸਵੰਤ ਸਿੰਘ ਬ੍ਰਾਂਚ ਸਕੱਤਰ ਨਿਸ਼ਾਨ ਸਿੰਘ ਤੇ ਪ੍ਰਕਾਸ਼ ਕੌਰ ਦੀ ਰਹਿਨੁਮਾਈ ਹੇਠ 3000 ਰੁਪਏ ਸ਼ਗਨ ਅਤੇ ਕੱਪੜੇ ਦਿੱਤੇ ਗਏ। ਇਸ ਮੌਕੇ ਲੜਕੀ ਦੀ ਮਾਤਾ ਮਨਜੀਤ ਕੌਰ ਤੇ ਪਿਤਾ ਮਖਤੂਲ ਸਿੰਘ ਹਾਜ਼ਰ ਸਨ। ਜਸਵੰਤ ਸਿੰਘ ਨੇ ਕਿਹਾ ਕਿ ਇਹ ਨੇਕ ਕੰਮ ਕਰਨ ਦੀ ਇਲਾਕੇ ਵਿੱਚ ਚਰਚਾ ਹੈ।

ਆਦਰਸ਼ ਕਲੋਨੀ ਦੇ ਸਰਕਾਰੀ (ਐਲੀ.) ਸਕੂਲ ਦੇ ਬਾਹਰ ਲਗੇ ਕੂੜੇ ਦੇ ਢੇਰਾ ਕਾਰਨ ਬਚੇ ਪਰੇਸ਼ਾਨ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)

ਹਲਕਾ ਦੀਨਾਨਗਰ ਦੀ ਵਾਰਡ ਨੰਬਰ ਪੰਜ ਅਦਰਸ਼ ਕਲੋਨੀ ਦੇ ਮੇਨ ਰੋਡ ਤੇ ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਦੇ ਫਰੰਟ ਦੀ ਸਫਾਈ ਨੂੰ ਲੈ ਕੇ ਸਕੂਲ ਇੰਚਾਰਜ ਮੈਡਮ ਸ਼ੁਕਲਾ ਦੇਵੀ ਨੇ ਪ੍ਰਸ਼ਾਸਨ ਨੂੰ ਚਿੱਠੀ ਲਿਖ ਕੇ ਸਫਾਈ ਦੀ ਮੰਗ ਕੀਤੀ। ਇਸ ਮੌਕੇ ਗੱਲਬਾਤ ਕਰਦੇਆਂ ਸਕੂਲ ਇੰਚਾਰਜ ਨੇ ਦੱਸਿਆ ਕਿ ਸਕੂਲ ਦੇ ਬਾਹਰ ਲੰਬੇ ਸਮੇਂ ਤੋਂ ਕੂੜਾ ਸੁੱਟਿਆ ਜਾਂਦਾ ਹੈ। ਕੂੜੇ ਦੀ ਬਦਬੂ ਨਾਲ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ ਜਿਸ ਕਾਰਨ ਬੱਚਿਆਂ ਨੂੰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਤਾ ਪਿਤਾ ਨੂੰ ਸਕੂਲ ਬੁਲਾ ਕੇ ਕੂੜੇ ਨੂੰ ਹਟਾਉਣ ਲਈ ਸਕੂਲ ਦੇ ਅਧਿਆਪਿਕਾਂ ਅਤੇ ਵਿਦਿਆਰਥੀਆਂ ਨਾਲ ਮਿਲ ਕੇ ਸਕੂਲ ਦੇ ਫਰੰਟ ਦੀ ਸਫਾਈ ਨੂੰ ਲੈ ਕੇ ਵਾਰਡ ਨੰਬਰ ਪੰਜ ਦੀਆਂ ਗਲੀਆਂ ਵਿੱਚ ਜਾਗਰੂਕ ਰੈਲੀ ਕੱਢ ਕੇ ਲੋਕਾਂ ਨੂੰ ਸਕੂਲ ਦੇ ਬਾਹਰ ਕੂੜਾ ਨਾ ਸੁੱਟਣ ਅਪੀਲ ਕੀਤੀ ਗਈ। ਉਨ੍ਹਾਂ ਰੈਲੀ ਵਿੱਚ ਇਹ ਵੀ ਕਿਹਾ ਕਿ ਸਕੂਲ ਵਿੱਦਿਆ ਦਾ ਮੰਦਰ ਹੁੰਦਾ ਹੈ, ਇਸ ਅੱਗੇ ਕੂੜਾ ਸੁੱਟ ਕੇ ਇਸ ਦੀ ਮਰਿਆਦਾ ਭੰਗ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦੱਸਿਆ ਕਿ ਸਕੂਲ ਦੇ ਫਰੰਟ ਦੀ ਸਫਾਈ ਨੂੰ ਲੈ ਕੇ ਦੋ ਮਹੀਨੇ ਪਹਿਲਾਂ ਵੀ ਨਗਰ ਕੌਂਸਲ ਨੂੰ ਚਿੱਠੀ ਲਿਖੀ ਗਈ ਸੀ ਪਰ ਉਨ੍ਹਾਂ

ਵੱਲੋਂ ਅਜੇ ਤੱਕ ਕੋਈ ਵੀ ਐਕਸ਼ਨ ਨਹੀਂ ਲਿਆ ਗਿਆ। ਸਕੂਲ ਦੇ ਸਟਾਫ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਕੂਲ ਦੇ ਬਾਹਰ ਲੱਗੇ ਕੂੜੇ ਦੇ ਡੰਪਾਂ ਨੂੰ ਬਾਹਰੋਂ ਹਟਾਇਆ ਜਾਵੇ ਅਤੇ ਸਕੂਲ ਦੇ ਫਰੰਟ ਦੀ ਚੰਗੇ ਢੰਗ ਨਾਲ ਸਫਾਈ ਕਰ ਕੇ ਉਸ ਜਗ੍ਹਾ ਨੂੰ ਮਿੰਨੀ ਪਾਰਕ ਵਿੱਚ ਤਬਦੀਲ ਕੀਤਾ ਜਾਵੇ ਜਿਸ ਨਾਲ ਵਾਤਾਵਰਨ ਸ਼ੁੱਧ ਹੋਵੇਗਾ, ਜਿਸ ਕਾਰਨ ਬੱਚਿਆਂ ਨੂੰ ਬਦਬੂ ਅਤੇ ਬਿਮਾਰੀਆਂ ਤੋਂ ਰਾਹਤ ਮਿਲੇਗੀ। ਇਸ ਮੌਕੇ ਸਕੂਲ ਸਟਾਫ, ਵਿਦਿਆਰਥੀ, ਬੱਚਿਆਂ ਦੇ ਮਾਤਾ-ਪਿਤਾ ਅਤੇ ਵਾਰਡ ਦੇ ਕੁਝ ਲੋਕ ਹਾਜ਼ਰ ਸਨ।

ਕਿਰਤ ਵਿਭਾਗ ਦੀਆਂ ਸਾਰੀਆਂ ਸੇਵਾਵਾਂ ਤੇ ਉਦਯੋਗਿਕ ਸਕੀਮਾਂ ਆਨਲਾਈਨ : ਰੰਧਾਵਾ

ਸ਼ਗਨ ਸਕੀਮ ਦਾ ਲਾਭ ਲੈਣ ਲਈ ਰਜਿਸਟਰਡ ਮੈਰਿਜ ਸਰਟੀਫਿਕੇਟ ਦੀ ਸ਼ਰਤ ਖਤਮ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਰਤ ਵਿਭਾਗ ਨੇ ਵੱਖ-ਵੱਖ ਐਕਟਾਂ ਅਧੀਨ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਤੇ ਉਦਯੋਗਿਕ ਸਕੀਮਾਂ ਨੂੰ ਡਿਜੀਟਾਈਜ਼ ਕਰ ਦਿੱਤਾ ਹੈ। ਹੁਣ ਇੱਕ ਕਲਿੱਕ ਨਾਲ ਸਾਰੀਆਂ ਸੇਵਾਵਾਂ ਤੇ ਸਕੀਮਾਂ ਦਾ ਲਾਭ ਲਿਆ ਜਾ ਸਕਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਬਿਲਡਿੰਗ ਪਲਾਨ ਦੀ ਪ੍ਰਵਾਨਗੀ, ਫੈਕਟਰੀਆਂ ਦੀ ਰਜਿਸਟ੍ਰੇਸ਼ਨ, ਲਾਇਸੈਂਸ ਲਈ ਮਨਜ਼ੂਰੀ, ਲਾਇਸੈਂਸ ਦਾ ਨਵੀਨੀਕਰਨ, ਲਾਇਸੈਂਸ ਵਿੱਚ ਸੋਧ, ਰਾਤ ਦੀ ਸ਼ਿਫਟ ਵਿੱਚ ਮਹਿਲਾਵਾਂ ਨੂੰ ਰੋਜ਼ਗਾਰ ਦੇਣ ਦੀ ਇਜਾਜ਼ਤ, ਪ੍ਰਿੰਸੀਪਲ ਇੰਪਲਾਇਅਰ ਦੀ ਰਜਿਸਟ੍ਰੇਸ਼ਨ ਅਤੇ ਠੇਕੇਦਾਰ ਨੂੰ ਲਾਇਸੈਂਸ ਦੀ ਮਨਜ਼ੂਰੀ ਆਨਲਾਈਨ ਲਈ ਜਾ ਸਕਦੀ ਹੈ। ਇਹ ਸੇਵਾਵਾਂ ਵੈੱਬਸਾਈਟ ਤੋਂ ਲਈਆਂ ਜਾ ਸਕਦੀਆਂ ਹਨ। ਸ. ਰੰਧਾਵਾ ਨੇ ਅੱਗੇ ਦੱਸਿਆ ਕਿ ਵੈੱਲਫੇਅਰ ਫੰਡ ਦਾ ਭੁਗਤਾਨ, ਪੰਜਾਬ ਲੇਬਰ ਵੈੱਲਫੇਅਰ ਬੋਰਡ ਦੇ ਲਾਭਾਂ ਸਬੰਧੀ ਦਾਅਵਾ, ਉਸਾਰੀ ਵਾਲੀ ਥਾਂ ਦੀ ਰਜਿਸਟ੍ਰੇਸ਼ਨ, ਟਰੇਡ ਯੂਨੀਅਨਾਂ ਦੀ ਰਜਿਸਟ੍ਰੇਸ਼ਨ, ਕਿਰਤ ਕਾਨੂੰਨਾਂ ਅਧੀਨ ਸਾਲਾਨਾ ਰਿਟਰਨ ਜਮ੍ਹਾ ਕਰਵਾਉਣਾ, ਪੰਜਾਬ

ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੇ ਲਾਭਾਂ ਸਬੰਧੀ ਦਾਅਵਾ, ਦੁਕਾਨ ਅਤੇ ਵਪਾਰਕ ਅਦਾਰੇ ਦੀ ਰਜਿਸਟ੍ਰੇਸ਼ਨ ਆਦਿ ਸੇਵਾਵਾਂ ਵੀ ਆਨਲਾਈਨ ਇਸੇ ਵੈੱਬਸਾਈਟ ਤੋਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ ਵਜ਼ੀਫਾ ਸਕੀਮ, ਐੱਲ. ਟੀ. ਸੀ. ਸਕੀਮ ਅਤੇ ਸ਼ਗਨ ਸਕੀਮ ਸਮੇਤ ਹੋਰ ਭਲਾਈ ਸਕੀਮਾਂ ਸਬੰਧੀ ਨਿਯਮਾਂ ਅਤੇ ਸ਼ਰਤਾਂ ਵਿੱਚ ਢਿੱਲ ਦਿੱਤੀ ਗਈ ਹੈ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਕਿਰਤੀਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾਂਦੀ ਵਜ਼ੀਫਾ ਸਕੀਮ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਹੋਣ ਦੀ ਸ਼ਰਤ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਕਿਰਤੀ ਵਜ਼ੀਫਾ ਸਕੀਮ ਦਾ ਲਾਭ ਅੰਸ਼ਦਾਨ ਕਰਨ ਦੀ ਮਿਤੀ ਤੋਂ ਹੀ ਲੈ ਸਕੇਗਾ। ਇਸੇ ਤਰ੍ਹਾਂ ਸ਼ਗਨ ਸਕੀਮ ਦਾ ਲਾਭ ਲੈਣ ਲਈ ਰਜਿਸਟਰਡ ਮੈਰਿਜ ਸਰਟੀਫਿਕੇਟ ਦੀ ਸ਼ਰਤ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਰਤੀ ਵਿਆਹ ਵਾਲੀ ਧਾਰਮਿਕ ਥਾਂ ਅਤੇ ਵਿਆਹ ਕਰਵਾਉਣ ਵਾਲੇ ਧਾਰਮਿਕ ਵਿਅਕਤੀ ਦੀਆਂ ਫੋਟੋਆਂ ਲਗਾ ਦੇ ਸ਼ਗਨ ਸਕੀਮ ਦਾ ਲਾਭ ਲੈ ਸਕਦਾ ਹੈ।

10,000 ਰੁਪਏ ਰਿਸ਼ਵਤ ਲੈਂਦਾ ਪੀ ਐੱਸ ਪੀ ਸੀ ਐੱਲ ਦਾ ਜੇ ਈ ਕਾਬੂ

ਗੁਰਦਾਸਪੁਰ, ਕਾਦੀਆਂ (ਜਨਕ ਮਹਾਜਨ, ਯਾਦਵਿੰਦਰ ਸਿੰਘ ਮਲਹੋਤਰਾ)

ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਗੁਰਦਾਸਪੁਰ ਜ਼ਿਲ੍ਹੇ ਦੇ ਸਬ ਡਿਵੀਜ਼ਨ ਕਾਦੀਆਂ ਵਿਖੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਦਫ਼ਤਰ ਵਿਚ ਜੂਨੀਅਰ ਇੰਜੀਨੀਅਰ (ਜੇਈ) ਵਜੋਂ ਤਾਇਨ

15-Feb-PAGE-4.qxd 2/14/2025 8:58 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 15 ਫ਼ਰਵਰੀ 2025

ਕੀ ਕਰਨ ਗਏ ਸੀ ਅਮਰੀਕਾ ?

ਆਖਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਗਏ ਕਿਉਂ? ਇਹ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ, ਕਿਉਂਕਿ ਦੌਰੇ ਤੋਂ ਕੁਝ ਖਾਸ ਹਾਸਲ ਹੋਇਆ ਨਜ਼ਰ ਨਹੀਂ ਆ ਰਿਹਾ, ਸਿਵਾਇ ਅਮਰੀਕਾ ਵੱਲੋਂ ਮਹਿੰਗਾ ਤੇਲ ਤੇ ਗੈਸ ਅਤੇ ਐੱਮ-35 ਲੜਾਕੂ ਜਹਾਜ਼ ਖਰੀਦਣ ਦੇ ਦਬਾਅ ਦੇ, ਜਿਸ ਵਿੱਚ ਲਾਭ ਅਮਰੀਕਾ ਨੂੰ ਹੋਣਾ ਹੈ ਤੇ ਭਾਰਤ ਦਾ ਸਾਫ ਨੁਕਸਾਨ ਹੈ। ਏਨੀ ਦੂਰ ਤੋਂ ਅਮਰੀਕਾ ਤੋਂ ਉਸੇ ਦੀਆਂ ਕੀਮਤਾਂ 'ਤੇ ਤੇਲ ਤੇ ਗੈਸ ਖਰੀਦਣਾ ਕੋਈ ਬੁੱਧੀਮਾਨੀ ਨਹੀਂ ਹੋ ਸਕਦੀ। ਤਾਂ ਫਿਰ ਮੋਦੀ ਸਿਰਫ ਦੁਨੀਆ ਨੂੰ ਇਹ ਦਿਖਾਉਣ ਗਏ ਕਿ ਅਮਰੀਕਾ ਦਾ ਰਾਸ਼ਟਰਪਤੀ ਉਨ੍ਹਾ ਦਾ ਦੋਸਤ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਦੀ ਸਹੁੰ ਚੁੱਕਣ ਦੇ ਸਮਾਰੋਹ ਵਿੱਚ ਮੋਦੀ ਨੂੰ ਨਹੀਂ ਸੀ ਸੱਦਿਆ, ਹਾਲਾਂਕਿ ਸੱਦਾ ਹਾਸਲ ਕਰਨ ਲਈ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਮਰੀਕਾ ਗਏ ਸਨ। ਮੋਦੀ ਅਜਿਹੇ ਸ਼ਖਸ ਦੇ ਗਲੇ ਲੱਗਣ ਲਈ ਬੇਤਾਬ ਕਿਉਂ ਹੋਏ, ਜਿਹੜਾ ਭਾਰਤੀ ਨਾਗਰਿਕਾਂ ਨੂੰ ਪੈਰਾਂ ਵਿੱਚ ਬੇੜੀਆਂ ਤੇ ਹੱਥਾਂ ਨੂੰ ਹੱਥਕੜੀਆਂ ਲਾ ਕੇ ਅਮਰੀਕਾ ਵਿੱਚੋਂ ਕੱਢ ਰਿਹਾ ਹੈ। ਕੋਲੰਬੀਆ ਤੇ ਮੈਕਸੀਕੋ ਨੇ ਆਪਣੇ ਨਾਗਰਿਕਾਂ ਨੂੰ ਇਸ ਤਰ੍ਹਾਂ ਕੱਢਣ 'ਤੇ ਹਿੰਮਤ ਦਿਖਾਉਂਦਿਆਂ ਸਖਤ ਪ੍ਰੋਟੈੱਸਟ ਕੀਤਾ, ਪਰ ਭਾਰਤ ਇੱਕ ਤਰ੍ਹਾਂ ਨਾਲ ਖਾਮੋਸ਼ ਰਿਹਾ। ਭਾਰਤੀਆਂ ਨਾਲ ਇਸ ਤਰ੍ਹਾਂ ਦੇ ਸਲੂਕ ਦੇ ਮੱਦੇਨਜ਼ਰ ਦੇਸ਼ ਦੇ ਮਾਣ-ਸਨਮਾਨ ਦੀ ਖਾਤਰ ਮੋਦੀ ਦਾ ਅਮਰੀਕਾ ਜਾਣਾ ਬਣਦਾ ਹੀ ਨਹੀਂ ਸੀ। ਕੁਝ ਹਲਕੇ ਸੋਚ ਰਹੇ ਸਨ ਕਿ ਮੋਦੀ ਟਰੰਪ ਨੂੰ ਭਾਰਤ ਖਿਲਾਫ ਸਖਤ ਵਪਾਰਕ ਫੈਸਲੇ ਲੈਣ ਤੋਂ ਰੋਕਣ ਵਿੱਚ ਸਫਲ ਰਹਿਣਗੇ, ਪਰ ਟਰੰਪ ਨੇ ਤਾਂ ਉਨ੍ਹਾ ਨਾਲ ਮੁਲਾਕਾਤ ਤੋਂ ਪਹਿਲਾਂ ਹੀ ਐਲਾਨ ਕਰ ਦਿੱਤਾ ਕਿ ਜਿਹੜਾ ਦੇਸ਼ ਅਮਰੀਕੀ ਮਾਲ 'ਤੇ ਜਿੰਨਾ ਟੈਰਿਫ ਲਾਏਗਾ, ਉਹ ਵੀ ਓਨਾ ਹੀ ਠੋਕਣਗੇ। ਟਰੰਪ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਵੱਧ ਟੈਰਿਫ ਲਾਉਣ ਵਾਲੇ ਮਿੱਤਰ ਦੇਸ਼ ਦੁਸ਼ਮਣਾਂ ਨਾਲੋਂ ਵੀ ਖਤਰਨਾਕ ਹਨ। ਯਾਨਿ, ਟਰੰਪ ਦੇ ਇਸ ਫੈਸਲੇ ਨਾਲ ਵੀ ਭਾਰਤ ਨੂੰ ਨੁਕਸਾਨ ਹੋਵੇਗਾ।

ਹਾਂ, ਦੌਰੇ ਦੀ ਇਹ ਮਜਬੂਰੀ ਜ਼ਰੂਰ ਹੋ ਸਕਦੀ ਹੈ ਕਿ ਮਿੱਤਰ ਗੌਤਮ ਅਡਾਨੀ ਨੂੰ ਅਮਰੀਕਾ ਦੇ ਕਾਨੂੰਨੀ ਸ਼ਿਕੰਜੇ ਤੋਂ ਕਿਵੇਂ ਬਚਾਉਣਾ ਹੈ। ਟਰੰਪ ਨਾਲ ਅਮਰੀਕਾ ਤੇ ਭਾਰਤ ਵਿੱਚ ਪਿਛਲੀਆਂ ਮੁਲਾਕਾਤਾਂ ਦੇ ਉਲਟ ਇਸ ਵਾਰ ਦੇ ਦੌਰੇ ਦੌਰਾਨ ਮੋਦੀ ਅਮਰੀਕਾ ਵਿੱਚ ਜਿਸ ਤਰ੍ਹਾਂ ਵਿਚਰੇ ਹਨ, ਉਸ ਤੋਂ ਲੱਗਿਆ ਕਿ ਜਿਵੇਂ ਉਹ ਸਮਰਪਣ ਕਰਨ ਦਾ ਮਨ ਬਣਾ ਕੇ ਗਏ ਸਨ। ਦੁਨੀਆ ਦੇ ਨੰਬਰ ਵਨ ਅਮਰੀਕੀ ਵਪਾਰੀ ਐਲਨ ਮਸਕ ਨਾਲ ਮੁਲਾਕਾਤ ਦਾ ਪ੍ਰੋਗਰਾਮ ਇਸ ਤਰ੍ਹਾਂ ਰੱਖਿਆ ਗਿਆ, ਜਿਵੇਂ ਕਿਸੇ ਵਪਾਰੀ ਨਾਲ ਨਹੀਂ, ਕਿਸੇ ਰਾਜ ਦੇ ਮੁਖੀ ਨਾਲ ਮੁਲਾਕਾਤ ਹੋਣੀ ਹੋਵੇ। ਮੋਦੀ ਨਾਲ ਅਧਿਕਾਰੀਆਂ ਦਾ ਲਾਮ-ਲਸ਼ਕਰ ਸੀ ਤੇ ਮਸਕ ਨਾਲ ਉਸ ਦੇ ਤਿੰਨ ਜੁਆਕ ਤੇ ਮਾਸ਼ੂਕਾ। ਕੀ ਭਾਰਤ ਦੇ ਕਿਸੇ ਹੋਰ ਪ੍ਰਧਾਨ ਮੰਤਰੀ ਬਾਰੇ ਅਜਿਹਾ ਸੋਚਿਆ ਜਾ ਸਕਦਾ ਹੈ। ਭਾਰਤ ਦਾ ਦੁਨੀਆ ਵਿੱਚ ਆਪਣਾ ਮੁਕਾਮ ਹੈ, ਪਰ ਮੋਦੀ ਮਸਕ ਨੂੰ ਜਿਵੇਂ ਮਿਲੇ, ਉਸ ਨੇ ਦੇਸ਼ ਦਾ ਮਾਣ-ਸਨਮਾਨ ਹੀ ਘਟਾਇਆ। ਨਾਜਾਇਜ਼ ਪ੍ਰਵਾਸੀ ਭਾਰਤੀਆਂ ਦੇ ਮਾਮਲੇ ਵਿੱਚ ਮੋਦੀ ਨੇ ਸਾਫ ਕੀਤਾ ਕਿ ਉਹ ਕਿਸੇ ਵੀ ਨਾਗਰਿਕ ਦੇ ਨਾਜਾਇਜ਼ ਤੌਰ 'ਤੇ ਕਿਸੇ ਦੂਜੇ ਦੇਸ਼ ਵਿੱਚ ਰਹਿਣ ਦੀ ਹਮਾਇਤ ਨਹੀਂ ਕਰਦੇ, ਪਰ ਇਹ ਨਹੀਂ ਦੱਸਿਆ ਕਿ ਉਨ੍ਹਾ ਪਹਿਲਾਂ ਬੇੜੀਆਂ ਤੇ ਹੱਥਕੜੀਆਂ ਲਾ ਕੇ ਭਾਰਤ ਭੇਜੇ ਪ੍ਰਵਾਸੀਆਂ ਦੇ ਸੰਬੰਧ ਵਿੱਚ ਟਰੰਪ ਕੋਲ ਪ੍ਰੋਟੈੱਸਟ ਕੀਤਾ ਕਿ ਨਹੀਂ?

ਵਿਸ਼ਵ ਗੁਰੂ ਦੀ ਆਰਥਿਕ ਹਕੀਕਤ

ਸਰਦਾਰਾ ਸਿੰਘ ਮਾਹਿਲ

ਫੋਕੇ ਰਾਸ਼ਟਰਵਾਦ ਦਾ ਝੰਡਾਬਰਦਾਰ, ਸੰਘੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਸ਼ ਨੂੰ ਮਹਾਂਸ਼ਕਤੀ ਬਣਾਉਣ ਦੇ ਦਮਗਜੇ ਮਾਰ ਰਿਹਾ ਹੈ। ਉਹ ਕਿਵੇਂ ਭਾਰਤ ਨੂੰ ਮਹਾਂਸ਼ਕਤੀ ਬਣਾ ਰਿਹਾ ਹੈ? ਦੁਨੀਆ ਦਾ ਸਭ ਤੋਂ ਵੱਡਾ ਮੇਲਾ, ਮਹਾਂਕੁੰਭ ਸਾਡੇ ਦੇਸ਼ ਵਿੱਚ ਹੋ ਰਿਹਾ ਹੈ। ਦੁਨੀਆ ਦਾ ਸਭ ਤੋਂ ਵੱਡਾ ਮੰਦਰ ਅਯੁੱਧਿਆ ਦਾ ਰਾਮ ਮੰਦਰ ਹੈ। ਦੁਨੀਆਂ ਦੀ ਸਭ ਤੋਂ ਉੱਚੀ ਮੂਰਤੀ, ਵੱਲਭ ਭਾਈ ਪਟੇਲ ਦੀ ਮੂਰਤੀ ਭਾਰਤ ਵਿੱਚ ਹੈ, ਪਰ ਇੱਕ ਦੂਸਰਾ ਪਾਸਾ ਵੀ ਹੈ। ਦੁਨੀਆ ਵਿੱਚ ਸਭ ਤੋਂ ਵੱਧ ਮੰਗਤੇ (ਭਿਖਾਰੀ) ਭਾਰਤ ਵਿੱਚ ਹਨ। ਦੁਨੀਆ ਵਿੱਚ ਸਭ ਤੋਂ ਵਧੇਰੇ ਕੋਹੜੀ ਭਾਰਤ ਵਿੱਚ ਹਨ। ਛੂਤਛਾਤ ਦੀ ਲਾਗ ਨਾਲ ਹੋਣ ਵਾਲੀਆਂ ਬਿਮਾਰੀਆਂ ਵਿੱਚ ਭਾਰਤ ਪਹਿਲੇ ਨੰਬਰ 'ਤੇ ਹੈ। ਦੁਨੀਆ ਭਰ ਵਿੱਚ ਵਿਹਲੜ ਸਾਧ ਭਾਰਤ ਵਿੱਚ ਹਨ। ਭੁੱਖਮਰੀ ਦੇ ਸੂਚਕ ਅੰਕ ਵਿੱਚ ਭਾਰਤ, ਪਾਕਿਸਤਾਨ, ਚੀਨ, ਨੇਪਾਲ, ਸ੍ਰੀਲੰਕਾ, ਮਾਲਦੀਵ ਆਦਿ ਸਭ ਤੋਂ ਹੇਠਾਂ 111ਵੇਂ ਨੰਬਰ 'ਤੇ ਹੈ। ਧਾਰਮਿਕ ਆਜ਼ਾਦੀ ਦੇ ਮਾਮਲੇ ਵਿੱਚ ਦੇਸ਼ 104ਵੇਂ ਨੰਬਰ 'ਤੇ ਹੈ। ਲਿਖਣ-ਬੋਲਣ ਦੀ ਆਜ਼ਾਦੀ ਦੀ ਸੂਚੀ ਵਿੱਚ 180 ਦੇਸ਼ਾਂ ਵਿੱਚੋਂ 159ਵੇਂ ਨੰਬਰ 'ਤੇ ਹੈ। ਕੀ ਭਾਰਤ ਇੱਕ ਮਹਾਂਸ਼ਕਤੀ ਹੈ?

ਸੰਘ ਦੀ ਮੋਦੀ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਅਖੌਤੀ ਆਜ਼ਾਦੀ ਦੇ 100 ਸਾਲ ਪੂਰੇ ਹੋਣ ਤੱਕ ਭਾਰਤ ਦੁਨੀਆ ਦਾ ਤੀਜੇ ਨੰਬਰ ਦਾ ਅਰਥਚਾਰਾ ਬਣ ਜਾਵੇਗਾ, ਪਰ ਜੋ ਅੰਕੜੇ ਸਾਹਮਣੇ ਆ ਰਹੇ ਹਨ ਕਿ ਭਾਰਤ ਸਰਕਾਰ ਨੇ 2024-25 ਲਈ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ 8 ਫੀਸਦੀ ਮਿੱਥੀ ਸੀ, ਪਰ ਕੌਮਾਂਤਰੀ ਮੁਦਰਾ ਕੋਸ਼ ਨੇ ਭਾਰਤ ਦੀ ਇਸ ਮਾਲੀ ਸਾਲ ਲਈ ਵਾਧਾ ਦਰ 6.4 ਫੀਸਦੀ ਦਾ ਅਨੁਮਾਨ ਲਗਾਇਆ। ਰਿਜ਼ਰਵ ਬੈਂਕ ਆਫ ਇੰਡੀਆ ਨੇ ਭਾਰਤ ਦੀ ਜੀ.ਡੀ.ਪੀ. ਦੀ ਵਾਧਾ ਦਰ ਦਾ ਅਨੁਮਾਨ 7.2 ਫੀਸਦੀ ਦਾ ਲਾਇਆ ਸੀ, ਪਰ ਉਸ ਨੇ ਆਪਣੇ ਅਨੁਮਾਨ ਨੂੰ ਸੋਧ ਕੇ ਇਹ ਵਾਧਾ ਦਰ 6.5 ਫੀਸਦੀ ਰਹਿਣ ਦਾ ਅਨੁਮਾਨ ਜਾਰੀ ਕੀਤਾ ਹੈ। ਰੇਟਿੰਗ ਏਜੰਸੀ ਮੌਰਗਨ ਐਂਡ ਸਟੈਨਲੇ ਨੇ ਭਾਰਤ ਦੀ ਆਰਥਿਕਤਾ ਬਾਰੇ ਆਪਣਾ ਅਨੁਮਾਨ 6.7 ਫੀਸਦੀ ਨੂੰ ਤਾਜ਼ਾ ਅੰਕੜਿਆਂ ਦੀ ਰੌਸ਼ਨੀ ਵਿੱਚ ਸੋਧ ਕੇ 6.3 ਫੀਸਦੀ ਦੀ ਭਵਿੱਖਬਾਣੀ ਕੀਤੀ ਹੈ। ਇਸੇ ਤਰ੍ਹਾਂ ਕੇਅਰ ਰੇਟਿੰਗਜ਼ ਦਾ ਅਨੁਮਾਨ 6.8 ਫੀਸਦੀ ਦਾ ਸੀ। ਉਸ ਨੇ ਆਪਣੇ ਅਨੁਮਾਨ ਵਿੱਚ ਸੋਧ ਕਰਕੇ 6.5 ਫੀਸਦੀ ਦਾ ਅਨੁਮਾਨ ਜਾਰੀ ਕੀਤਾ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਆਰਥਿਕਤਾ ਦੇ ਸਾਰੇ ਖੇਤਰਾਂ ਵਿੱਚੋਂ ਸਭ ਤੋਂ ਨਿਰਾਸ਼ਾਜਨਕ ਕਾਰਗੁਜ਼ਾਰੀ ਸਨਅਤੀ ਖੇਤਰ ਦੀ ਰਹੀ ਹੈ। ਇਸ ਵਾਧੇ ਦਾ ਅਨੁਮਾਨ 9.3 ਫੀਸਦੀ ਸੀ, ਪਰ ਹਕੀਕੀ ਵਾਧਾ ਕੇਵਲ 6 ਪ੍ਰਤੀਸ਼ਤ ਹੋਇਆ ਹੈ।

ਪਰ ਇਸ ਹਕੀਕਤ ਨੂੰ ਖੁੱਲ੍ਹ ਕੇ ਸਵੀਕਾਰ ਕਰਨ ਦੀ ਬਜਾਇ ਪੁੱਠੀਆਂ ਦਲੀਲਾਂ ਨਾਲ ਇਸ ਨਿਰਾਸ਼ਾਜਨਕ ਕਾਰਗੁਜ਼ਾਰੀ ਦੇ ਬਾਵਜੂਦ ਉਹ ਮੋਦੀ ਨੂੰ ਮਹਾਨ ਬਣਾ ਕੇ ਪੇਸ਼ ਕਰਨ ਦੇ ਯਤਨਾਂ ਵਿੱਚ ਲੱਗੇ ਹੋਏ ਹਨ। ਉਹਨਾਂ ਦੀ ਦਲੀਲ ਹੈ ਕਿ ਢਿੱਲੀ ਕਾਰਗੁਜ਼ਾਰੀ ਦੇ ਬਾਵਜੂਦ ਭਾਰਤ ਦੀ ਆਰਥਿਕਤਾ ਸੰਸਾਰ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੀ ਆਰਥਿਕਤਾ ਹੈ। ਚੀਨ ਦੀ ਆਰਥਿਕਤਾ ਦੀ ਵਿਕਾਸ ਦਰ 4.9 ਫੀਸਦੀ ਹੈ, ਅਮਰੀਕੀ ਆਰਥਿਕਤਾ ਦੀ ਵਿਕਾਸ ਦਰ 2.1 ਫੀਸਦੀ ਹੈ, ਜਦਕਿ ਭਾਰਤ ਦੀ ਵਿਕਾਸ ਦਰ 6.5 ਫੀਸਦੀ ਹੈ। ਭਾਵ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਆਰਥਿਕਤਾਵਾਂ ਦੇ ਮੁਕਾਬਲੇ ਵਧੇਰੇ ਵਿਕਾਸਸ਼ੀਲ ਹੈ। ਜੇਕਰ ਪ੍ਰਤੀਸ਼ਤ ਨੂੰ ਇੱਕ ਪਾਸੇ ਰੱਖ ਲਈਏ ਅਤੇ ਤਿੰਨਾਂ ਦੇਸ਼ਾਂ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਰਕਮ ਦੇ ਰੂਪ ਵਿੱਚ ਕਿੰਨਾ ਵਾਧਾ ਹੋਇਆ ਹੈ, ਤਾਂ ਤਸਵੀਰ ਕੁੱਝ ਇਸ ਤਰ੍ਹਾਂ ਉੱਭਰਦੀ ਹੈ। ਚੀਨ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ 895 ਅਰਬ ਅਮਰੀਕੀ ਡਾਲਰ ਦਾ ਵਾਧਾ ਹੋਇਆ। ਅਮਰੀਕਾ ਵਿੱਚ 787 ਅਰਬ ਡਾਲਰ ਦਾ ਵਾਧਾ ਹੋਇਆ, ਜਦਕਿ ਭਾਰਤ ਵਿੱਚ ਆਰਥਿਕਤਾ ਵਿੱਚ ਕੇਵਲ 256 ਅਰਬ ਡਾਲਰ ਦਾ ਵਾਧਾ ਹੋਇਆ ਹੈ। ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਵਾਧਾ ਚੀਨ ਦੇ ਵਾਧੇ ਦਾ 28.6 ਫੀਸਦੀ ਹੈ ਅਤੇ ਅਮਰੀਕਾ ਦੇ ਵਾਧੇ ਦਾ 32.52 ਫੀਸਦੀ ਹੈ। ਇਸ ਕਰਕੇ ਕਿਸੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਅੰਕੜਿਆਂ ਦੀ ਹੇਰਾਫੇਰੀ ਨਾਲ ਹਕੀਕਤ ਨੂੰ ਛੁਪਾਇਆ ਜਾ ਸਕਦਾ ਹੈ।

ਸਮਝਣਾ ਇਹ ਹੋਵੇਗਾ ਕਿ ਆ ਰਹੇ ਮੰਦਵਾੜੇ ਦੀ ਜੜ੍ਹ ਕੀ ਹੈ? ਅਸੀਂ ਹਮੇਸ਼ਾ ਇਹ ਕਹਿੰਦੇ ਰਹੇ ਹਾਂ ਕਿ ਇਸ ਦੀ ਜੜ੍ਹ ਮੰਗ ਦਾ ਮੰਦਵਾੜਾ ਹੈ, ਜਦਕਿ ਹਾਕਮਾਂ ਦੀ ਪੁਜ਼ੀਸ਼ਨ ਸਪਲਾਈ ਸੁਧਾਰਨ ਵਾਲੇ ਕਦਮ ਚੁੱਕਣ ਦੀ ਰਹੀ ਹੈ। ਭਾਰਤ ਸਰਕਾਰ ਅਤੇ ਇਸ ਦੀ ਵਿੱਤ ਮੰਤਰੀ ਰਿਜ਼ਰਵ ਬੈਂਕ 'ਤੇ ਦਬਾਅ ਪਾਉਂਦੇ ਰਹੇ ਕਿ ਬੈਂਕ ਰੈਪੋ ਦਰ ਅਤੇ ਮੁਢਲੀ ਵਿਆਜ ਦਰ ਘੱਟ ਕਰੇ, ਪਰ ਵਧ ਰਹੀ ਮਹਿੰਗਾਈ ਕਾਰਨ ਬੈਂਕ ਨੇ ਸਰਕਾਰ ਦੀ ਇੱਛਾ 'ਤੇ ਫੁੱਲ ਨਹੀਂ ਚੜ੍ਹਾਏ। ਰਿਜ਼ਰਵ ਬੈਂਕ ਦਾ ਗਵਰਨਰ ਸ਼ਸ਼ੀਕਾਂਤ ਦਾਸ ਰਿਟਾਇਰ ਹੋ ਗਿਆ ਹੈ ਅਤੇ ਰੈਵੇਨਿਊ (ਮਾਲ) ਸਕੱਤਰ, ਸੰਜੇ ਮਲਹੋਤਰਾ ਨੂੰ ਗਵਰਨਰ ਨਿਯੁਕਤ ਕਰ ਦਿੱਤਾ ਹੈ ਤੇ ਹੁਣ ਸ਼ਾਇਦ ਬੀਬੀ ਨਿਰਮਲਾ ਸੀਤਾਰਮਨ ਦੀ ਇੱਛਾ ਪੂਰੀ ਹੋ ਜਾਵੇ। ਪਰ ਇਸ ਨਾਲ ਆਰਥਿਕਤਾ ਦੀ ਬਿਮਾਰੀ ਦੂਰ ਨਹੀਂ ਹੋਣ ਲੱਗੀ, ਕਿਉਂਕਿ ਸੰਕਟ ਸਪਲਾਈ ਦਾ ਨਹੀਂ, ਮੰਗ ਦਾ ਹੈ। ਦੁਨੀਆ ਭਰ ਵਿੱਚ ਸਾਮਰਾਜੀਆਂ ਦੀ ਮੰਡੀ ਲਈ ਖਹਿ ਤਿੱਖੀ ਹੋਣ ਨਾਲ, ਖਾਸ ਕਰਕੇ ਟਰੰਪ ਦੇ ਸੱਤਾ ਵਿੱਚ ਆਉਣ ਅਤੇ ਉਸ ਦੇ ਟੈਕਸ ਦਬਾਕੜਿਆਂ ਕਾਰਨ ਸੰਸਾਰ ਮੰਡੀ ਵਿੱਚ ਭਾਰਤ ਲਈ ਬਹੁਤੀ ਸੰਭਾਵਨਾ ਨਹੀਂ। ਮੰਗ ਲਈ ਮੁੱਖ ਟੇਕ ਘਰੇਲੂ ਮੰਡੀ 'ਤੇ ਹੈ।

ਲੋਕਾਂ ਦੀ ਖਪਤ ਸ਼ਕਤੀ/ਖਰੀਦ ਸ਼ਕਤੀ ਨੂੰ ਖੋਰਾ ਲੱਗਣ ਦੇ ਦੋ ਵੱਡੇ ਕਾਰਨ ਹਨ। ਪਹਿਲਾ ਕਾਰਨ ਹੈ ਕਿ ਕਿਰਤੀ ਲੋਕਾਂ ਦੀ ਉਜਰਤ ਲੱਗਭੱਗ ਖੜੋਤ ਦੀ ਸਥਿਤੀ ਵਿੱਚ ਹੈ। ਸਰਕਾਰੀ ਅੰਕੜਿਆਂ ਅਨੁਸਾਰ 2017 ਵਿੱਚ ਪੇਂਡੂ ਮਜ਼ਦੂਰਾਂ ਦੀ ਔਸਤਨ ਉਜਰਤ ਰੋਜ਼ਾਨਾ 138 ਰੁਪਏ ਸੀ ਅਤੇ 2023 ਵਿੱਚ ਇਹ ਉਜਰਤ ਔਸਤਨ 158 ਰੁਪਏ ਰੋਜ਼ਾਨਾ ਸੀ। ਇਸ ਦਾ ਅਰਥ ਹੈ ਕਿ 6 ਸਾਲਾਂ ਵਿੱਚ ਕੇਵਲ 20 ਰੁਪਏ ਦਾ ਵਾਧਾ, ਜੋ ਹਰ ਸਾਲ ਤਿੰਨ ਰੁਪਏ 33 ਪੈਸੇ ਦਾ ਵਾਧਾ ਹੈ। ਇਹ ਸਾਲਾਨਾ ਵਾਧਾ 2.1 ਫੀਸਦੀ ਹੈ, ਜੋ ਨਾ ਹੋਣ ਦੇ ਬਰਾਬਰ ਹੈ। ਮਜ਼ਦੂਰ ਔਰਤਾਂ ਦੀ ਦਿਹਾੜੀ ਇਸ ਤੋਂ ਵੀ 40 ਰੁਪਏ ਘੱਟ ਹੈ। ਇਸੇ ਤਰ੍ਹਾਂ 2017 ਵਿੱਚ ਉਸਾਰੀ ਮਜ਼ਦੂਰਾਂ ਦੀ ਔਸਤਨ ਦਿਹਾੜੀ 176 ਰੁਪਏ ਸੀ, ਜੋ 2023 ਵਿੱਚ 205 ਰੁਪਏ ਹੋਈ। 16 ਸਾਲਾਂ ਵਿੱਚ 29 ਰੁਪਏ ਦਾ ਵਾਧਾ ਹੋਇਆ, ਜੋ ਹਰ ਸਾਲ 4 ਰੁਪਏ 34 ਪੈਸੇ ਬਣਦਾ ਹੈ। ਇਹ ਨਿਗੂਣਾ ਵਾਧਾ ਸਿਰਫ 2.75 ਪ੍ਰਤੀਸ਼ਤ ਬਣਦਾ ਹੈ।

ਇਸ ਦਾ ਦੂਸਰਾ ਕਾਰਨ ਮਹਿੰਗਾਈ ਹੈ। ਉਹਨਾਂ ਕਿਰਤੀਆਂ ਕੋਲ ਜੋ ਵੀ ਹੈ, ਉਸ ਨਾਲ ਮਹਿੰਗਾਈ ਕਾਰਨ ਹੋਰ ਵੀ ਘੱਟ ਮਾਤਰਾ ਵਿੱਚ ਖਰੀਦਦਾਰੀ ਕਰ ਸਕਦੇ ਹਨ। ਰਿਜ਼ਰਵ ਬੈਂਕ ਨੇ ਮਹਿੰਗਾਈ ਦਰ 4 ਫੀਸਦੀ ਤੱਕ ਸੀਮਤ ਰੱਖਣ ਦਾ ਟੀਚਾ ਮਿੱਥਿਆ ਸੀ, ਪਰ 2012 ਤੋਂ ਲੈ ਕੇ 2024 ਤੱਕ ਔਸਤਨ ਮਹਿੰਗਾਈ ਦਰ 6.8 ਫੀਸਦੀ ਰਹੀ ਹੈ। ਇਸ ਵਿੱਚ ਖਾਣ-ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਤਾਂ ਦੋ-ਅੰਕੀ ਵੀ ਰਹੀ ਹੈ। ਸਬਜ਼ੀਆਂ ਕੁੱਝ ਰੈਲ਼ੀਆਂ ਹੋ ਜਾਣ ਦੇ ਬਾਵਜੂਦ ਅਜੇ ਖੁਰਾਕੀ ਵਸਤਾਂ ਦੀ ਕੀਮਤ ਵਾਧਾ 9 ਫੀਸਦੀ ਹੈ। ਇਸ ਨਾਲ ਕਿਰਤੀ ਲੋਕਾਂ ਦੀ ਕੁੱਲ ਕਮਾਈ ਤਾਂ ਢਿੱਡ ਨੂੰ ਝੁਲਕਾ ਦੇਣ ਵਿੱਚ ਹੀ ਚਲੀ ਜਾਂਦੀ ਹੈ ਅਤੇ ਹੋਰ ਵਸਤਾਂ ਦੀ ਖਰੀਦ ਲਈ ਉਹਨਾਂ ਕੋਲ ਕੁੱਝ ਨਹੀਂ ਬਚਦਾ।

ਸਾਡੇ ਦੇਸ਼ ਵਿੱਚ ਬੇਰੁਜ਼ਗਾਰੀ ਦਾ ਅੰਕੜਾ ਰੁਜ਼ਗਾਰ ਦਫ਼ਤਰ ਵਿੱਚ ਦਰਜ ਅੰਕੜਿਆਂ ਅਨੁਸਾਰ ਦਰਜ ਕੀਤਾ ਜਾਂਦਾ ਹੈ। ਸਟਾਫ਼ ਦੀ ਕਮੀ ਅਤੇ ਹੋਰ ਕਾਰਨਾਂ ਕਰਕੇ ਰੁਜ਼ਗਾਰ ਦਫ਼ਤਰਾਂ ਦੀ ਬੁਰੀ ਹਾਲਤ ਹੈ। ਇਸ ਤੋਂ ਬਿਨਾਂ ਨੌਕਰੀ ਨਾ ਮਿਲਣ ਦੀ ਆਸ ਕਾਰਨ ਰੁਜ਼ਗਾਰ ਦਫ਼ਤਰਾਂ ਵਿੱਚ ਕੋਈ ਵਿਰਲਾ ਹੀ ਜਾਂਦਾ ਹੈ। ਫਿਰ ਵੀ ਇਸ ਅਨੁਸਾਰ ਬੇਰੁਜ਼ਗਾਰੀ 35 ਫੀਸਦੀ ਹੈ। ਆਮ ਤੌਰ 'ਤੇ ਪਿੰਡਾਂ ਦੀ ਬੇਰੁਜ਼ਗਾਰੀ, ਲੁਪਤ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਦਾ ਅੰਕੜਾ ਸ਼ਾਮਲ ਨਹੀਂ ਹੁੰਦਾ। ਬੇਰੁਜ਼ਗਾਰਾਂ ਦੀ ਖਰੀਦ ਸ਼ਕਤੀ ਤਕਨੀਕੀ ਤੌਰ 'ਤੇ ਜ਼ੀਰੋ ਹੁੰਦੀ ਹੈ।

ਸਿਰਫ ਪੈਦਾਵਾਰ ਹੀ ਨਹੀਂ ਸੁੰਗੜ ਰਹੀ, ਬਲਕਿ ਸਰਕਾਰ ਕੋਲ ਵਿਦੇਸ਼ੀ ਸਿੱਕੇ ਦੇ ਭੰਡਾਰ ਵੀ ਖੁਰ ਰਹੇ ਹਨ। ਇੱਕ ਰਿਪੋਰਟ ਅਨੁਸਾਰ 4 ਅਕਤੂਬਰ 2024 ਤੋਂ 3 ਜਨਵਰੀ 2025 ਤੱਕ ਵਿਦੇਸ਼ੀ ਸਿੱਕੇ ਦੇ ਭੰਡਾਰ 701 ਬਿਲੀਅਨ ਡਾਲਰ ਤੋਂ ਘਟ ਕੇ 634 ਬਿਲੀਅਨ ਡਾਲਰ ਰਹਿ ਗਏ ਹਨ। ਲੱਗਭੱਗ 3 ਮਹੀਨੇ ਦੇ ਸਮੇਂ ਵਿੱਚ 65 ਮਿਲੀਅਨ ਡਾਲਰ ਘਟੇ ਹਨ ਵਿਦੇਸ਼ੀ ਸਿੱਕੇ ਦੇ ਭੰਡਾਰ। ਭਾਰਤੀ ਰਿਜ਼ਰਵ ਬੈਂਕ ਦੇ ਹਿਸਾਬ ਮੁਤਾਬਿਕ 10 ਜਨਵਰੀ 2025 ਤੱਕ 536 ਬਿਲੀਅਨ ਡਾਲਰ ਮੁਦਰਾ (ਕਰੰਸੀ) ਦਾ ਭੰਡਾਰ ਸੀ, ਪਰ ਅਗਲੇ ਇੱਕ ਹਫਤੇ ਵਿੱਚ 9.46 ਬਿਲੀਅਨ ਡਾਲਰ ਕਰੰਸੀ ਘਟ ਗਈ। ਚਾਹੇ ਵਿਦੇਸ਼ੀ ਸਿੱਕੇ ਦੇ ਭੰਡਾਰ ਕਾਫੀ ਹਨ ਅਤੇ ਵਿਦੇਸ਼ੀ ਭੁਗਤਾਨ ਦੀ ਸਮੱਸਿਆ ਖੜੀ ਨਹੀਂ ਹੋਣ ਜਾ ਰ

15-FEB-PAGE-5.qxd 2/14/2025 8:59 PM Page 1

ਪ੍ਰਸ਼ਾਸਨ ਨੇ ਸ਼ਹਿਰ ਤੇ ਆਸ-ਪਾਸ ਗੈਰਕਾਨੂੰਨੀ ਨਿਰਮਾਣ 'ਤੇ ਚਲਾਇਆ ਬਲਡੋਜਰ

ਮੋਗਾ (ਇਕਬਾਲ ਸਿੰਘ ਖਹਿਰਾ)

ਮੋਗਾ ਦੀ ਵਧੀਕ ਡਿਪਟੀ ਕਮਿਸ਼ਨਰ (ਜ) ਚਾਰੁਮਿਤਾ ਨੇ ਗੈਰਕਾਨੂੰਨੀ ਕਲੋਨੀਆਂ ਤੇ ਨਜਾਇਜ਼ ਕਬਜ਼ਿਆਂ ਖ਼ਿਲਾਫ਼ ਸਖ਼ਤ ਰਵੱਈਆ ਅਪਣਾਇਆ ਹੈ।ਉਨ੍ਹਾ ਕਿਹਾ ਕਿ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਤਾਂ ਜੋ ਉਨ੍ਹਾਂ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ ਜੋ ਨਾਜਾਇਜ਼ ਕਾਲੋਨੀਆਂ ਵਿੱਚ ਸਸਤੇ ਪਲਾਟਾਂ ਦੀ ਆੜ 'ਚ ਨਿਰਦੋਸ਼ ਲੋਕਾਂ ਨੂੰ ਲੁੱਟ ਰਹੇ ਹਨ।ਇਹ ਕਾਲੋਨੀਆਂ ਸਰਕਾਰੀ ਨਿਯਮਾਂ ਦੀ ਪਾਲਣਾ ਤੇ ਕਾਨੂੰਨੀ ਮਨਜ਼ੂਰੀ ਤੋਂ ਵਾਂਝੀਆਂ ਹਨ। ਵਧੀਕ ਡਿਪਟੀ ਕਮਿਸ਼ਨਰ (ਜ), ਮੋਗਾ-ਕਮ-ਕੰਪੀਟੈਂਟ ਅਥਾਰਟੀ ਚਾਰੁਮਿਤਾ ਵੱਲੋਂ ਗੈਰਕਾਨੂੰਨੀ ਕਾਲੋਨੀਆਂ ਖ਼ਿਲਾਫ਼ ਜਾਰੀ ਕੀਤੇ ਗਏ ਢਾਹੁਣ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਡਿਊਟੀ ਮੈਜਿਸਟ੍ਰੇਟ, ਪੁਲਿਸ ਬਲ ਅਤੇ ਲਾਗੂ ਕਰਨ ਵਾਲੀ ਟੀਮ, ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਨਿਯਮਕ), ਅਸਿਸਟੈਂਟ ਟਾਊਨ ਪਲਾਨਰ (ਨਿਯਮਕ), ਜੂਨੀਅਰ ਇੰਜੀਨੀਅਰ (ਨਿਯਮਕ) ਸ਼ਾਮਲ ਸਨ, ਨੇ ਅੱਜ ਪਿੰਡ ਧੱਲੇਕੇ, ਮੋਗਾ ਵਿੱਚ ਇਕ ਗੈਰਕਾਨੂੰਨੀ ਕਾਲੋਨੀ ਨੂੰ ਢਾਹੁੰਦੇ ਹੋਏ ਉਨ੍ਹਾਂ ਦੇ ਰਾਹਾਂ, ਗਲੀਆਂ, ਸੀਵਰ ਮੈਨਹੋਲ ਅਤੇ ਹੋਰ ਗੈਰਕਾਨੂੰਨੀ ਨਿਰਮਾਣਾਂ ਨੂੰ ਤੋੜ ਦਿੱਤਾ।ਕਲੋਨੀਕਾਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਜਦੋਂ ਉਨ੍ਹਾਂ ਨੇ ਗੈਰਕਾਨੂੰਨੀ ਕੰਮ ਜਾਰੀ ਰੱਖਿਆ, ਤਾਂ ਵਿਸ਼ੇਸ਼ ਟੀਮ ਨੇ ਢਾਹੁਣ ਦੀ ਕਾਰਵਾਈ ਕੀਤੀ, ਜੋ ਬਿਨਾਂ ਕਿਸੇ

ਵਿਰੋਧ ਦੇ ਪੂਰੀ ਹੋਈ।ਸ਼ਹਿਰ ਵਿੱਚ ਸ਼ੁਰੂਆਤੀ ਪੱਧਰ 'ਤੇ ਗੈਰਕਾਨੂੰਨੀ ਕਾਲੋਨੀਆਂ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਹੋਰ ਵਿਆਪਕ ਮੁਹਿੰਮ ਲਾਗੂ ਕਰਨ ਦੀ ਯੋਜਨਾ ਬਣਾਈ ਹੈ।

ਵਧੀਕ ਡਿਪਟੀ ਕਮਿਸ਼ਨਰ (ਜੀ), ਮੋਗਾ-ਕਮ-ਕੰਪੀਟੈਂਟ ਅਥਾਰਟੀ ਨੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਗੈਰਕਾਨੂੰਨੀ ਕਾਲੋਨੀਆਂ ਵਿੱਚ ਜਾਇਦਾਦ/ਪਲਾਟ/ਬਿਲਡਿੰਗਾਂ ਨਾ ਖਰੀਦੇ, ਕਿਉਂਕਿ ਉਨ੍ਹਾਂ ਨੂੰ ਪਾਣੀ ਸਪਲਾਈ, ਸੀਵਰੇਜ, ਬਿਜਲੀ ਕਨੈਕਸ਼ਨ ਆਦਿ ਜਿਹੀਆਂ ਕੋਈ ਵੀ ਸਹੂਲਤਾਂ ਨਹੀਂ ਦਿੱਤੀਆਂ ਜਾਣਗੀਆਂ। ਮਨਜ਼ੂਰਸ਼ੁਦਾ ਤੇ ਨਿਯਮਤ ਕੀਤੀਆਂ ਗਈਆਂ ਕਾਲੋਨੀਆਂ ਦੀ ਲਿਸਟ ਤੇ ਉਨ੍ਹਾਂ ਦੇ ਮਨਜ਼ੂਰਸ਼ੁਦਾ ਨਕਸ਼ੇ ਅਧਿਕਾਰਿਕ ਵੈੱਬਸਾਈਟ www.glada.gov.in 'ਤੇ ਉਪਲਬਧ ਹਨ, ਜੋ ਕਿ ਸੰਭਾਵਿਤ ਖਰੀਦਦਾਰ ਜਾਇਦਾਦ ਲੈਣ ਤੋਂ ਪਹਿਲਾਂ ਜ਼ਰੂਰ ਚੈੱਕ ਕਰ ਸਕਦੇ ਹਨ।ਉਨ੍ਹਾ ਕਿਹਾ ਕਿ ਢਾਹੁਣ ਮੁਹਿੰਮ ਦੇ ਨਾਲ-ਨਾਲ, ਗੈਰਕਾਨੂੰਨੀ ਕਾਲੋਨੀਆਂ ਦੇ ਵਿਕਾਸਕਾਰਾਂ ਵਿਰੁੱਧ ਐਫ ਆਈ ਆਰ ਦਰਜ ਕਰਨ ਦੀ ਵੀ ਸਿਫ਼ਾਰਸ਼ ਕੀਤੀ ਜਾਵੇਗੀ।

ਮਨੀਪੁਰ 'ਚ ਰਾਸ਼ਟਰਪਤੀ ਸ਼ਾਸਨ ਲਗਾਉਣਾ ਭਾਜਪਾ ਦੀ ਅਸਫਲਤਾ ਦਾ ਨਤੀਜਾ : ਸੀ ਪੀ ਆਈ

ਲੁਧਿਆਣਾ (ਐੱਮ ਐੱਸ ਭਾਟੀਆ)

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਦਾ ਅਖੌਤੀ 'ਡਬਲ ਇੰਜਣ' ਵਾਲਾ ਦ੍ਰਿਸ਼ਟੀਕੋਣ ਸਪੱਸ਼ਟ ਤੌਰ 'ਤੇ ਅਸਫਲ ਹੋ ਗਿਆ ਹੈ ਅਤੇ ਭਾਜਪਾ ਸਥਿਤੀ ਦੇ ਘੋਰ ਕੁਪ੍ਰਬੰਧਨ ਦੇ ਬਾਵਜੂਦ ਸੱਤਾ 'ਤੇ ਟਿਕੇ ਰਹਿਣ ਲਈ ਹਰ ਬੇਚੈਨੀ ਭਰੇ ਕਦਮ ਦਾ ਸਹਾਰਾ ਲੈਂਦੀ ਜਾਪਦੀ ਹੈ।ਭਾਜਪਾ ਦੀ ਬੇਈਮਾਨੀ ਤੇ ਸੰਸਦੀ ਲੋਕਤੰਤਰ ਪ੍ਰਤੀ ਅਣਦੇਖੀ ਇਸ ਫੈਸਲੇ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੀ ਹੈ, ਜਿਸ ਦਾ ਐਲਾਨ ਉਸੇ ਸ਼ਾਮ ਨੂੰ ਸੰਸਦ ਮੁਲਤਵੀ ਕੀਤੇ ਜਾਣ ਦੇ ਐਲਾਨ ਨਾਲ ਕੀਤਾ ਗਿਆ ਸੀ, ਸਪੱਸ਼ਟ ਤੌਰ 'ਤੇ ਸੰਸਦੀ ਜਾਂਚ ਤੋਂ ਬਚਣ ਲਈ, ਜੋ ਕਿ ਸਾਡੇ ਲੋਕਤੰਤਰ ਦੇ ਮੁੱਖ ਸਿਧਾਂਤਾਂ ਵਿੱਚੋਂ ਇੱਕ ਹੈ, ਇਹ ਦੱਸ ਰਿਹਾ ਹੈ ਕਿ ਪ੍ਰਧਾਨ ਮੰਤਰੀ, ਜਦੋਂ ਸੰਕਟ ਵਧ ਰਿਹਾ ਹੈ, ਇੱਕ ਵਾਰ ਵੀ ਰਾਜ ਦਾ ਦੌਰਾ ਕਰਨ ਵਿੱਚ ਅਸਫਲ ਰਹੇ ਹਨ।ਜਦੋਂ ਇਹ ਮਹੱਤਵਪੂਰਨ ਫੈਸਲਾ ਐਲਾਨਿਆ ਗਿਆ ਤਾਂ ਉਹ ਦੇਸ਼ ਤੋਂ ਬਾਹਰ ਹਨ।ਰਾਸ਼ਟਰੀ ਸੁਰੱਖਿਆ 'ਤੇ ਭਾਜਪਾ ਦੇ ਖੋਖਲੇ ਦਾਅਵੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਮਨੀਪੁਰ ਦੀ ਭਾਜਪਾ ਸਰਕਾਰ ਦੀ ਮਨੀਪੁਰ ਵਰਗੇ ਰਣਨੀਤਕ ਤੌਰ 'ਤੇ ਸੰਵੇਦਨਸ਼ੀਲ ਰਾਜ ਦੇ ਗਲਤ ਪ੍ਰਬੰਧਨ ਵਿੱਚ ਅਸਫਲਤਾ ਵਿੱਚ ਪ੍ਰਗਟ ਹੁੰਦੇ ਹਨ।ਸੀਪੀਆਈ ਸਰਕਾਰ ਤੋਂ ਲਗਭਗ ਦੋ ਸਾਲਾਂ ਤੱਕ ਇਸ ਦੇ ਫੈਸਲੇ ਨਾ ਲੈਣ ਦਾ

■ ਰਾਜ 'ਚ ਸ਼ਾਂਤੀ ਤੇ ਸੁਲ੍ਹਾ ਨੂੰ ਉਤਸ਼ਾਹਤ ਕਰਨ ਲਈ ਸਾਰੀਆਂ ਪਾਰਟੀਆਂ ਦਾ ਸਹਿਯੋਗ ਲਵੇ

ਕਾਰਨ ਪੁੱਛਦੀ ਹੈ, ਜਦੋਂ ਸੈਂਕੜੇ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਤੇ ਹਜ਼ਾਰਾਂ ਲੋਕ ਬੇਘਰ ਹੋ ਗਏ।ਹੁਣ ਸਮਾਂ ਆ ਗਿਆ ਹੈ ਕਿ ਭਾਜਪਾ ਇਸ ਮੁੱਦੇ 'ਤੇ ਸਪੱਸ਼ਟ ਹੋਵੇ ਅਤੇ ਰਾਜ ਵਿੱਚ ਸ਼ਾਂਤੀ ਤੇ ਸੁਲ੍ਹਾ ਨੂੰ ਉਤਸ਼ਾਹਤ ਕਰਨ ਲਈ ਸਾਰੀਆਂ ਪਾਰਟੀਆਂ ਦਾ ਸਹਿਯੋਗ ਲਵੇ।ਅਸੀਂ ਮੰਗ ਕਰਦੇ ਹਾਂ ਕਿ ਭਾਜਪਾ ਸਰਕਾਰ ਰਾਜ ਵਿੱਚ ਰਾਜਨੀਤਕ ਪਾਰਟੀਆਂ ਤੇ ਤਾਕਤਾਂ ਨੂੰ ਵਿਸ਼ਵਾਸ ਵਿੱਚ ਲਵੇ ਅਤੇ ਬੇਸ਼ਰਮੀ ਨਾਲ ਗੈਰ-ਲੋਕਤੰਤਰੀ ਤਰੀਕਿਆਂ ਨਾਲ ਸੱਤਾ ਵਿੱਚ ਬਣੇ ਰਹਿਣ ਦੀ ਬਜਾਏ ਸੰਕਟ ਦੇ ਮੂਲ ਕਾਰਨ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇ।ਇਸ ਤੋਂ ਇਲਾਵਾ ਸੀਪੀਆਈ ਮੰਗ ਕਰਦੀ ਹੈ ਕਿ ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਨੂੰ ਰਾਜ ਦੇ ਦਰਜੇ ਨੂੰ ਕਮਜ਼ੋਰ ਕਰਨ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਜਾਂ ਲੋਕਤੰਤਰੀ ਨਿਯਮਾਂ ਨੂੰ ਰੋਕਣ ਲਈ ਇੱਕ ਪਰਦੇ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ।ਵਿਧਾਨ ਸਭਾ ਨੂੰ ਮੁਅੱਤਲ ਰੱਖਣ ਦਾ ਕੋਈ ਰਾਜਨੀਤਕ ਤਰਕ ਤੇ ਅਰਥ ਨਹੀਂ ਹੈ, ਲੋਕਾਂ ਤੋਂ ਤਾਜ਼ਾ ਫੱਤਵਾ ਮੰਗਣਾ ਬਿਹਤਰ ਹੈ।

ਹੁਣ ਡਾਇਲਸਿਸ ਵਾਲੇ ਮਰੀਜ਼ਾਂ ਨੂੰ ਦੂਰ-ਦੁਰਾਡੇ ਜਾਣ ਦੀ ਜ਼ਰੂਰਤ ਨਹੀਂ : ਡਾ. ਸਿਸੋਦੀਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)-ਮਾਲਵਾ ਬੈਲਟ 'ਚ ਲਗਾਤਾਰ ਤੇਜ਼ੀ ਨਾਲ ਵੱਧ ਰਹੀ ਨਾ-ਮੁਰਾਦ ਬਿਮਾਰੀ ਕੈਂਸਰ ਕਾਰਨ ਸੈਕੜੇ ਵਿਅਕਤੀ ਇਸ ਦੀ ਭੇਟ ਚੜ੍ਹ ਚੁੱਕੇ ਹਨ, ਕਿਉਂਕਿ ਜਦੋਂ ਤੱਕ ਇਸ ਬਿਮਾਰੀ ਦਾ ਪਤਾ ਚੱਲਦਾ, ਉਦੋਂ ਤੱਕ ਵਿਅਕਤੀ ਆਪਣੇ ਸਾਹਾਂ ਦੀ ਲਾਸਟ ਸਟੇਜ 'ਤੇ ਪਹੁੰਚ ਜਾਂਦਾ ਹੈ ਤੇ ਆਮ ਵਿਅਕਤੀ ਇਸ ਦੇ ਮਹਿੰਗੇ ਇਲਾਜ ਤੇ ਜਾਗਰੂਕਤਾ ਕਾਰਨ ਇਸ ਬਿਮਾਰੀ ਦਾ ਨਿਵਾਲਾ ਅਸਾਨੀ ਨਾਲ ਬਣ ਜਾਂਦਾ ਹੈ।

ਜੇਕਰ ਇਲਾਕਾ ਸ੍ਰੀ ਮੁਕਤਸਰ ਸਾਹਿਬ ਦੇ ਲੋਕਾਂ ਦੀ ਗੱਲ ਕਰੀਏ ਤਾਂ ਇਸ ਬਿਮਾਰੀ ਨਾਲ ਜੂਝ ਰਹੇ ਮਰੀਜ਼ਾਂ ਲਈ ਸ੍ਰੀ ਮੁਕਤਸਰ ਸਾਹਿਬ ਊਸ਼ਾ ਬਾਂਸਲ ਨਰਸਿੰਗ ਹੋਮ ਇੱਕ ਆਸ ਦੀ ਕਿਰਨ ਲੈ ਕੇ ਆਇਆ, ਕਿਉਂਕਿ ਡੀਐਮਸੀਐਚ ਕੈਂਸਰ ਕੇਅਰ ਸੈਂਟਰ ਲੁਧਿਆਣਾ ਤੋਂ ਦੱਖਣੀ ਏਸ਼ੀਆ ਦੇ ਕੈਂਸਰ ਇਲਾਜ ਦੇ ਮਾਹਿਰ ਡਾ. ਸ਼ੁਚੀਤਾ ਪਾਠਕ ਐੱਮ.ਬੀ.ਬੀ.ਐੱਸ., ਡੀਐੱਨਬੀ., ਰੈਡੀਏਸ਼ਨ ਓਨਕੋਲੋਜੀ, ਡੀ.ਐੱਮ. ਮੈਡੀਕਲ ਓਨਕੋਲੋਜੀ, ਐਸੀਸਟੈਂਟ ਪ੍ਰੋਫੈਸਰ ਮੈਡੀਕਲ ਓਨਕੋਲੋਜੀ ਹੁਣ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੀਆਂ ਸੇਵਾਵਾਂ ਹਰ ਸ਼ੁੱਕਰਵਾਰ ਬਾਅਦ ਦੁਪਹਿਰ 2:00 ਤੋਂ 4 ਵਜੇ ਤੱਕ ਸ਼ੁਰੂ ਕਰ ਚੁੱਕੇ ਹਨ, ਜਿਸ ਵਿੱਚ ਸੀਟੀ ਸਕੈਨ ਤੇ ਐੱਮ ਆਰ ਆਈ ਘੱਟ ਰੇਟਾਂ 'ਤੇ ਕੀਤੇ ਜਾਂਦੇ ਹਨ।ਇਸ ਮੌਕੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਡਾ. ਸ਼ੁਚੀਤਾ ਪਾਠਕ ਨੇ ਦੱਸਿਆ ਕਿ ਇਸ ਬਿਮਾਰੀ ਲਈ ਸਾਰੇ ਟੀਪੀਏ, ਇੰਸ਼ੋਰੈਂਸ ਕੰਪਨੀ, ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਕੈਂਸਰ ਸਕੀਮ ਤਹਿਤ ਇਲਾਜ ਦੀ ਸੁਵਿਧਾ ਵੀ ਉਪਲੱਬਧ ਹੈ।ਇਸ ਮੌਕੇ ਡਾ. ਸ਼ੁਚੀਤਾ ਪਾਠਕ ਨੇ ਕੈਂਸਰ ਦੀ ਨਾ ਮੁਰਾਦ ਬਿਮਾਰੀ ਤੋਂ ਬਚਣ ਲਈ ਆਪਣੇ ਲਾਇਫ ਸਟਾਇਲ ਵਿੱਚ ਬਦਲਾਅ ਕਰਨਾ, ਜੰਕ ਫੂਡ ਤੋਂ ਪ੍ਰਹੇਜ਼ ਕਰਨ ਤੇ ਲੋਕਾਂ ਨੂੰ

■ ਕੈਂਸਰ ਤੇ ਕਾਲਾ ਪੀਲੀਆ ਨੂੰ ਲੈ ਕੇ ਸ਼ਹਿਰ 'ਚ ਸ਼ੁਰੂ ਹੋਣ ਜਾ ਰਹੀਆਂ ਸੇਵਾਵਾਂ

ਵੱਧ ਤੋਂ ਵੱਧ ਸੈਰ ਤੇ ਐਕਸਰਸਾਈਜ਼ ਕਰਨ ਦੀ ਸਲਾਹ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਊਸ਼ਾ ਬਾਂਸਲ ਨਰਸਿੰਗ ਹੋਮ ਸ੍ਰੀ ਮੁਕਤਸਰ ਸਾਹਿਬ 'ਚ ਪਹਿਲੀ ਵਾਰ ਗੁਰਦੇ ਦੇ ਰੋਗਾਂ ਦੇ ਮਾਹਰ ਡਾ. ਸਪਨਾ ਸਿਸੋਦੀਆ ਡੀ.ਐੱਮ. ਨੈਫਰੋਲੋਜੀ ਆਪਣੀਆਂ ਸੇਵਾਵਾਂ ਸ਼ੁਰੂ ਕਰਨ ਜਾ ਰਹੇ ਹਨ, ਜਿਸ ਵਿੱਚ ਜਰਮਨ ਦੀਆਂ ਆਧੁਨਿਕ ਤਕਨੀਤ ਨਾਲ ਲੈਂਸ ਡਾਇਲਸਿਸ ਮਸ਼ੀਨਾਂ ਰਾਹੀਂ ਮਰੀਜ਼ਾਂ ਦਾ ਇਲਾਜ ਕੀਤਾ ਜਾਵੇਗਾ। ਇਸ ਮੌਕੇ ਪ੍ਰੈੱਸ ਕਾਨਫਰੰਸ ਦੌਰਾਨ ਡਾ. ਸਪਨਾ ਸਿਸੋਦੀਆ ਨੇ ਦੱਸਿਆ ਕਿ ਹਰ ਮਹੀਨੇ ਦੀ 1 ਤੋਂ 15 ਤਾਰੀਖ ਤੱਕ ਬਾਅਦ ਦੁਪਹਿਰ 2 ਤੋਂ ਸ਼ਾਮ 6 ਵਜੇ ਤੱਕ ਤੇ 16 ਤਾਰੀਕ ਤੋਂ ਮਹੀਨੇ ਦੀ ਆਖਰੀ ਤਾਰੀਖ ਤੱਕ 9 ਤੋਂ ਦੁਪਹਿਰ 1 ਵਜੇ ਤੱਕ ਉਹ ਆਪਣੀਆਂ ਸੇਵਾਵਾਂ ਦੇਣਗੇ।ਉਨ੍ਹਾਂ ਦੱਸਿਆ ਕਿ ਡਾਇਲਸਿਸ ਦੇ ਮਰੀਜ਼ਾਂ ਲਈ 5 ਲੱਖ ਦੇ ਕਾਰਡ ਅਧੀਨ ਮੁਫ਼ਤ ਆਪ੍ਰੇਸ਼ਨ ਤੇ ਡਾਇਲਸਿਸ ਦੀ ਸੁਵਿਧਾ ਵੀ ਉਪਲੱਬਧ ਹੋਵੇਗੀ।

ਕਾਤਰਾਂ

ਅੱਜ ਤੇ ਭਲਕੇ ਬਿਜਲੀ ਬੰਦ ਰਹੇਗੀ

ਮੂਨਕ (ਰਾਜਪਾਲ ਸਿੰਗਲਾ)-ਸ਼ਹਿਰ ਦੀ ਬਿਜਲੀ ਗਰਿੱਡ ਵਿੱਚ ਚੱਲ ਰਹੇ ਕੰਮ ਨੂੰ ਲੈ ਕੇ ਏਪੀ ਦੀਆਂ ਸਾਰੀਆਂ ਲਾਈਨਾਂ ਲਗਾਤਾਰ ਦੋ ਦਿਨ ਲਈ ਬੰਦ ਰਹਿਣਗੀਆਂ। ਇਸ ਸਬੰਧੀ ਪਾਵਰ ਕੌਮ ਦਫਤਰ ਮੂਨਕ ਦੇ ਐਸ ਡੀ ਓ ਜੋਧਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 15 ਅਤੇ 16 ਫਰਵਰੀ ਨੂੰ ਸ਼ਹਿਰ ਦੇ ਗਰਿੱਡ ਅੰਦਰ ਚੱਲ ਰਹੇ ਕੰਮ ਨੂੰ ਲੈ ਕੇ ਗਰਿੱਡ ਤੋਂ ਚੱਲਣ ਵਾਲੀਆਂ ਸਾਰੀਆਂ ਏਪੀ ਲਾਈਨਾਂ ਦੋ ਦਿਨਾਂ ਲਈ ਬੰਦ ਰਹਿਣਗੀਆਂ। ਉਨ੍ਹਾਂ ਕਿਹਾ ਕਿ ਹੋਣ ਵਾਲੇ ਕੰਮ ਨੂੰ ਦੇਖਦੇ ਹੋਏ ਬਿਜਲੀ ਬੰਦ ਦਾ ਸਮਾਂ ਵੱਧ ਘੱਟ ਹੋ ਸਕਦਾ ਹੈ।

ਦੁਨੀਆ ਤੇਰੇ ਲਈ ਹੈ, ਤੂੰ ਦੁਨੀਆ ਲਈ ਨਹੀਂ : ਬੀ ਕੇ ਸ਼ਾਂਤਨੂੰ

ਜੈਤੋ (ਸਤੀਸ਼ ਕੁਮਾਰ ਭੀਗੀ)-ਆਉਣ ਵਾਲੇ ਮਈ ਮਹੀਨੇ ਵਿੱਚ ਹੋਣ ਵਾਲੀ ਨੈਸ਼ਨਲ ਮੀਡੀਆ ਕਾਨਫਰੰਸ ਦੀ ਤਰੀਕ ਦੇ ਐਲਾਨ ਦੇ ਨਾਲ ਹੀ ਮੀਡੀਆ ਕਾਰਕੁਨਾਂ ਨੂੰ ਸੰਦੇਸ਼ ਦਿੰਦਿਆਂ ਮਾਊਂਟ ਆਬੂ ਈਸ਼ਵਰੀਆ ਵਿਸ਼ਵ ਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਪ੍ਰਭਾਰੀ ਬੀ ਕੇ ਸ਼ਾਂਤਨੂੰ ਨੇ ਕਿਹਾ ਕਿ 'ਵਿਛੜਣ ਦੇ ਤਾਂ ਲੱਖ ਬਹਾਨੇ ਮਿਲ ਜਾਣਗੇ, ਆਓ ਅਸੀਂ ਜੁੜਣ ਦੇ ਮੌਕੇ ਲੱਭੀਏ।' ਸ਼ਾਂਤਨੂੰ ਨੇ ਕਿਹਾ ਕਿ ਇਹ ਜ਼ਰੂਰੀ ਨਹੀਂ ਕਿ ਹਰ ਕੋਈ ਸਾਨੂੰ ਮਿਲ ਕੇ ਖੁਸ਼ੀ ਮਹਿਸੂਸ ਕਰੇ, ਪ੍ਰੰਤੂ ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਸਾਨੂੰ ਮਿਲ ਕੇ ਕੋਈ ਦੁਖੀ ਨਾ ਹੋਵੇ।ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਜ਼ਿੰਦਗੀ ਵਿੱਚ ਕਦੇ ਕਿਸੇ ਨੂੰ ਐਸਾ ਮੌਕਾ ਨਹੀਂ ਦੇਣਾ ਚਾਹੀਦਾ ਕਿ ਉਹ ਤੁਹਾਡੇ ਚਿਹਰੇ ਦੀ ਖੁਸ਼ੀ ਹੀ ਖੋਹ ਲਵੇ।ਅੰਤ ਵਿੱਚ ਸ਼ਾਂਤਨੂੰ ਨੇ ਕਿਹਾ ਕਿ ਯਾਦ ਰੱਖੋ ਦੁਨੀਆ ਤੁਹਾਡੇ ਲਈ ਹੈ, ਤੁਸੀਂ ਦੁਨੀਆ ਲਈ ਨਹੀਂ।

ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਇੱਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਅਤੇ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਘਰੋਂ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਪਤੀ ਖਿਲਾਫ 85, 316 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪ੍ਰੇਮ ਕੁਮਾਰ ਨੇ ਦੱਸਿਆ ਕਿ ਦਰਖਾਸਤ ਨੰਬਰ 496548 ਰਾਹੀਂ ਰਜਨੀ ਕੌਰ ਪੁੱਤਰੀ ਗੁਰਚਰਨ ਸਿੰਘ ਵਾਸੀ ਪਿੰਡ ਮਹਾਲਮ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦਾ ਵਿਆਹ ਬਲਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਸ਼ਹੀਦ ਜਰਨੈਲ ਸਿੰਘ ਵਾਲੀ ਗਲੀ ਨੇੜੇ ਧਰਮਸ਼ਾਲਾ ਬਠਿੰਡਾ ਨਾਲ 27 ਮਈ 2024 ਨੂੰ ਹੋਇਆ ਸੀ। ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਇਸਤਰੀ ਧੰਨ ਵਜੋਂ ਦਿੱਤਾ ਸੀ, ਪਰ ਦੋਸ਼ੀ ਇਸ ਤੋਂ ਖੁਸ਼ ਨਹੀਂ ਸੀ। ਵਿਆਹੁਤਾ ਨੇ ਦੱਸਿਆ ਕਿ ਦੋਸ਼ੀ ਜੋ ਉਸ ਨੂੰ ਘੱਟ ਦਾਜ ਦਹੇਜ ਲਿਆਉਣ ਕਰਕੇ ਤੰਗ ਪ੍ਰੇਸ਼ਾਨ ਕਰਨ ਲੱਗਾ ਤੇ ਹੋਰ ਦਾਜ ਦੀ ਮੰਗ ਕਰਦਾ ਸੀ, ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਵੱਲੋਂ ਵਿਆਹੁਤਾ ਦੇ ਪਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਝਗੜੇ ਦੌਰਾਨ ਚੱਲੀ ਗੋਲੀ, ਪੱਤਰਕਾਰ ਗੋਇਲ ਜ਼ਖਮੀ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਵੀਰਵਾਰ ਸਵੇਰੇ ਭਗਤਾ ਭਾਈਕਾ ਵਿੱਚ ਹੋਈ ਲੜਾਈ ਦੌਰਾਨ ਗੋਲੀ ਚੱਲਣ ਨਾਲ ਇੱਕ ਵਿਅਕਤੀ ਜ਼ਖਮੀ ਹੋ ਗਿਆ, ਜ਼ਖਮੀ ਵਿਅਕਤੀ ਦੀ ਪਛਾਣ ਨਵਾਂ ਜ਼ਮਾਨ ਅਖਬਾਰ ਦੇ

15 - February - Page - 6.qxd 2/14/2025 9:06 PM Page 1

ਤੇਜ਼ਾਬ ਪੀੜਤਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਮਿਲੇਗੀ ਵਿੱਤੀ ਸਹਾਇਤਾ : ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)—ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨਿਵੇਕਲਾ ਉਪਰਾਲਾ ਕਰਦਿਆਂ 'ਪੰਜਾਬ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ-2024' ਸਿਰਫ ਮਹਿਲਾਵਾਂ ਤੱਕ ਹੀ ਸੀਮਤ ਨਹੀਂ, ਸਗੋਂ ਇਸ ਦਾ ਲਾਭ ਹੁਣ ਤੇਜ਼ਾਬ ਪੀੜਤ ਪੁਰਸ਼ ਅਤੇ ਟ੍ਰਾਂਸਜੈਂਡਰ ਵੀ ਲੈ ਸਕਣਗੇ। ਇਸ ਸਕੀਮ ਤਹਿਤ ਹੁਣ ਤੇਜ਼ਾਬ ਪੀੜਤਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸੂਬਾ ਸਰਕਾਰ ਦੇ ਇਸ ਅਹਿਮ ਫੈਸਲੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਸਮੁੱਚੀ ਕੈਬਨਿਟ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਉਪਰਾਲਾ ਸਮਾਜ ਵਿੱਚ ਸਮਾਨਤਾ ਅਤੇ ਨਿਆਂ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਵਿੱਚ ਵਾਧਾ ਕਰਨ ਦਾ ਮਹੱਤਵਪੂਰਨ ਫੈਸਲਾ ਲਿਆ ਹੈ। ਇਸ ਸਕੀਮ ਤਹਿਤ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ 8000 ਰੁਪਏ ਤੋਂ ਵਧਾ ਕੇ 10,000 ਰੁਪਏ ਕਰ ਦਿੱਤੀ ਹੈ।'ਪੰਜਾਬ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ-2017' ਸਕੀਮ ਨੂੰ ਲਿੰਗ ਨਿਰਪੱਖ ਬਣਾਉਂਦੇ ਹੋਏ, ਹੁਣ ਇਹ ਸਕੀਮ 'ਪੰਜਾਬ ਤੇਜ਼ਾਬ ਪੀੜਤਾਂ ਲਈ ਵਿੱਤੀ ਸਹਾਇਤਾ ਸਕੀਮ-2024' ਦੇ ਨਾਂਅ ਨਾਲ ਜਾਣੀ ਜਾਵੇਗੀ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਯੋਜਨਾ 20 ਜੂਨ 2017 ਨੂੰ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਸਿਰਫ ਤੇਜ਼ਾਬ ਪੀੜਤ ਮਹਿਲਾਵਾਂ ਨੂੰ 8,000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾਂਦੀ ਸੀ। ਹੁਣ, ਪੰਜਾਬ ਸਰਕਾਰ ਨੇ ਸਮਾਜਿਕ ਨਿਆਂ ਦੀ ਨਵੀਂ ਦਿਸ਼ਾ ਵੱਲ ਕਦਮ ਵਧਾਉਂਦੇ ਹੋਏ, ਇਸ ਸਕੀਮ ਵਿੱਚ ਪੁਰਸ਼ ਅਤੇ ਟ੍ਰਾਂਸਜੈਂਡਰ ਪੀੜਤਾਂ ਨੂੰ ਵੀ ਸ਼ਾਮਲ ਕੀਤਾ ਹੈ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ (ਸ੍ਰੀ ਵਰਿੰਦਰ ਭਾਟੀਆ- ਤਹਿਸੀਲਦਾਰ-ਕਮ-ਸਬ-ਰਜਿਸਟਰਾਰ, ਕਪੂਰਥਲਾ।

ਵਿਸ਼ਾ : ਅਣ-ਰਜਿਸਟਰਡ ਵਸੀਅਤ ਨੂੰ ਰਜਿਸਟਰਡ ਕਰਨ ਸਬੰਧੀ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਗੈਰ-ਮੁਸਤਕਾ ਵਸੀਅਤ ਵੱਲੋਂ ਸ਼ਾਮ ਸੁੰਦਰ ਪੁੱਤਰ ਲੇਟ ਪਿਆਰਾ ਲਾਲ ਵਾਸੀ ਮਕਾਨ ਨੰਬਰ ਬੀ-25/237, ਪ੍ਰੀਤ ਨਗਰ, ਨੇੜੇ ਝੰਡਾ ਮੱਲ ਸਕੂਲ ਕਪੂਰਥਲਾ ਨੇ ਬਾਹੱਕ ਆਪਣੀ ਪਤਨੀ ਸ੍ਰੀਮਤੀ ਸੁਮਨ ਬਾਲਾ ਦੇ ਹੱਕ ਵਿੱਚ ਕੀਤੀ ਹੈ। ਸ਼ਾਮ ਸੁੰਦਰ ਪੁੱਤਰ ਲੇਟ ਪਿਆਰਾ ਲਾਲ ਦੀ ਮੌਤ ਮਿਤੀ 14.05.2024 ਨੂੰ ਹੋ ਚੁੱਕੀ ਹੈ।

ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ ਜ਼ੇਰੇ ਦਫਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ -ਅੰਦਰ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 13.02.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹੀ /- ਸਬ ਰਜਿਸਟਰਾਰ, ਕਪੂਰਥਲਾ

COURT NOTICE

(U/o 5 Rule 20 CPC)
(SUCCESSION CASE)
In The Court of
Sh. Ashish Thathal
Civil Judge (Senior Division), Rupnagar
CNR No. PBRO02-001666-2024
Next Date:- 27-03-2025
Asha Rani
Vs.
General Public
Notice To:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 27-03-2025 at 10 a.m.

For details logon to https://highcourtchd.gov.in/?mod=district_notice&district=Rupnagar

Civil Judge (Senior Division), Rupnagar
Dated, this day 13-02-2025

LOST & FOUND

ਮੈਂ ਕਮਲਪ੍ਰੀਤ ਸਿੰਘ ਪੁੱਤਰ ਸ੍ਰੀ ਕੁਲਵਿੰਦਰ ਸਿੰਘ ਵਾਸੀ ਮ.ਨੰ: 9, ਨਗੀਨਾ ਐਵੀਨਿਊ, ਨਜ਼ਦੀਕ ਪਾਵਰ ਕਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ ਅਤੇ ਬਿਆਨ ਕਰਦਾ ਹਾਂ:- ਇਹ ਕਿ ਮਿਤੀ 07/02/2025 ਦੀ ਸ਼ਾਮ ਨੂੰ ਮੈਂ ਆਪਣੇ ਘਰ ਦਾ ਅਸਲ ਮੁਖਤਾਰਨਾਮਾ ਆਮ ਜੋ ਕਿ ਮੰਗਲ ਸਿੰਘ ਪੁੱਤਰ ਕਰਨੈਲ ਸਿੰਘ ਜਿਸਦਾ ਵਸੀਕਾ ਨੰ: 6458, ਵਹੀ ਨੰ. 4, ਜਿਲਦ ਨੰ: 1497, ਪੇਜ ਨੰ. 83-84 ਮਿਤੀ 29/03/2010 ਦਾ ਰਜਿਸਟਰ ਹੈ ਵੱਲੋਂ ਜਸਵਿੰਦਰ ਸਿੰਘ ਪੁੱਤਰ ਟਹਿਲ ਸਿੰਘ ਜਿਸਦਾ ਪਲਾਟ ਨੰ: 9, ਮਿੰਨ ਜਿਸਦਾ ਖਸਰਾ ਨੰ: 42//13 ਮਿੰਨ ਖਾਤਾ ਖਤੌਨੀ 588/1403, ਸਫਾ ਨੰ: 1134, ਜੰਮਾਬੰਦੀ ਸਾਲ 2007-2008 ਹਦਬਸਤ ਨੰ: 282, ਵਾਕਿਆ ਰਕਬਾ ਰੱਖ ਸ਼ਿਕਾਰਗਾਹ, ਅਬਾਦੀ ਗੰਡਾ ਸਿੰਘ ਵਾਲਾ (ਨਗੀਨਾ ਐਵੀਨਿਊ, ਤਹਿਸੀਲ ਵਾ ਜਿਲਾ ਅੰਮ੍ਰਿਤਸਰ ਦੇ ਹੱਕ ਵਿੱਚ ਕੀਤਾ ਗਿਆ ਸੀ, ਜੋ ਕਿ ਪਲਾਸਟਿਕ ਦੇ ਲਿਫਾਫੇ ਵਿੱਚ ਪਾਇਆ ਹੋਇਆ ਸੀ ਅਤੇ ਆਪਣੀ ਸਕੂਟਰੀ ਦੇ ਹੁਕ ਨਾਲ ਟੰਗਿਆ ਹੋਇਆ ਸੀ ਜਿਸਦੀ ਫੋਟੋ ਕਾਪੀ ਕਰਵਾਉਣ ਲਈ ਮੈਂ ਘਰੋ ਮਜੀਠਾ ਰੋਡ ਤੇ ਗਿਆ ਮੈਂ ਫੋਟੋ ਵਾਲੀ ਦੁਕਾਨ ਤੇ ਜਾ ਕੇ ਦੇਖਿਆ ਤੇ ਲਿਫਾਫਾ ਨਹੀ ਸੀ ਅਤੇ ਉਸ ਲਿਫਾਫੇ ਦੀ ਬਹੁਤ ਭਾਲ ਕੀਤੀ ਪਰ ਮੈਨੂੰ ਲਿਫਾਫਾ ਨਹੀ ਮਿਲਿਆ। ਇਹ ਕਿ ਮੈਨੂੰ ਪੱਕਾ ਯਕੀਨ ਹੈ ਕਿ ਮੇਰਾ ਲਿਫਾਫਾ ਕਿਤੇ ਰਾਹ ਵਿੱਚ ਡਿੱਗ ਪਿਆ ਹੈ। ਇਹ ਕਿ ਮੈਂ ਆਪਣੇ ਮਕਾਨ ਦੇ ਉਕਤ ਅਸਲ ਮੁਖਤਾਰਨਾਮੇ ਦੀ ਗੁੰਮਸ਼ੁਦਗੀ ਰਿਪੋਰਟ ਦਰਜ ਕਰਵਾ ਦਿੱਤੀ ਹੈ। ਅਤੇ ਜਿਸ ਵਿੱਚ ਮੈਂ ਤਸਦੀਕ ਕੀਤਾ ਹੈ ਉਕਤ ਬਿਆਨ ਮੇਰੇ ਹੋਸ਼ ਹਵਾਸ ਮੁਤਾਬਿਕ ਬਿਲਕੁਲ ਸਹੀ ਵਾ ਦਰੁਸਤ ਹੈ। ਇਸ ਵਿੱਚ ਕੋਈ ਵੀ ਗਲ ਲੁਕਾ ਛਿਪਾ ਕੇ ਨਹੀ ਰੱਖੀ ਗਈ ਹੈ ਅਤੇ ਨਾ ਹੀ ਗਲਤ ਬਿਆਨੀ ਕੀਤੀ ਗਈ ਹੈ। ਅਗਰ ਉਪਰੋਕਤ ਅਸਲ ਮੁਖਤਾਰਨਾਮਾ ਆਮ ਦੇ ਕਾਗਜਾਤ ਜਿਸਦਾ ਵੇਰਵਾ ਉਪਰ ਦਰਜ ਹੈ ਮਿਲਣ ਤਾ ਉਹ ਇਸ ਪਤੇ ਤੇ ਸੰਪਰਕ ਕਰੇ।

ਕਮਲਪ੍ਰੀਤ ਸਿੰਘ ਪੁੱਤਰ ਸ੍ਰੀ ਕੁਲਵਿੰਦਰ ਸਿੰਘ
ਵਾਸੀ ਮ.ਨੰ: 9, ਨਗੀਨਾ ਐਵੀਨਿਊ, ਨਜ਼ਦੀਕ ਪਾਵਰ ਕਲੋਨੀ,
ਮਜੀਠਾ ਰੋਡ, ਅੰਮ੍ਰਿਤਸਰ ਮੋਬਾਇਲ ਨੰ: 98550-02150

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਬਾਘਾ ਪੁਰਾਣਾ ਜ਼ਿਲ੍ਹਾ ਮੋਗਾ।
ਪਬਲਿਕ ਨੋਟਿਸ

ਕੇਸ ਅਨੁਵਾਨ : ਜਗਸੀਰ ਸਿੰਘ ਪੁੱਤਰ ਗੁਰਦੀਪ ਸਿੰਘ ਪੁੱਤਰ ਜਲੌਰ ਸਿੰਘ ਵਾਸੀ ਚੰਦ ਪੁਰਾਣਾ ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਬਨਾਮ
ਇੰਦਰਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਜਲੌਰ ਸਿੰਘ ਵਗੈਰਾ ਵਾਸੀਆਨ ਚੰਦ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ
ਕਿਸਮ : ਤਕਸੀਮ ਕੇਸ

ਉਕਤ ਕੇਸ ਅਨੁਵਾਨ ਤਕਸੀਮ ਬਾਬਤ ਖੇਵਟ ਨੰਬਰ 12, 268, 269, 303, 429, 422, 471, 520, 521, 522 ਜਮ੍ਹਾਂਬੰਦੀ ਸਾਲ 2016-17 ਵਾਕਿਆ ਰਕਬਾ ਚੰਦ ਪੁਰਾਣਾ ਇਸ ਅਦਾਲਤ ਵਿੱਚ ਸੁਣਵਾਈ ਅਧੀਨ ਹੈ। ਇਸ ਵਿਚ ਦਰਜ ਫ਼ਰੀਕਸਾਨੀਆਂ ਦੀ ਇਤਰਾਜ਼ ਤਲਬੀ ਸੰਮਨ/ਮੁਨਾਦੀ ਰਾਹੀਂ ਨਹੀਂ ਹੋ ਸਕੀ। ਇਸ ਲਈ ਇਸ ਕੇਸ ਨਾਲ ਸੰਬੰਧਤ ਹੇਠ ਲਿਖੇ ਫ਼ਰੀਕਸਾਨੀਆਂ ਦਾ ਇਤਰਾਜ਼ ਲਈ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਕੇਸ ਵਿਚ ਦਰਜ ਫਰੀਕਸਾਨੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦਾ ਤਾਂ ਉਹ ਨਿਸ਼ਚਿਤ ਮਿਤੀ 04.03.2025 ਤੱਕ ਕਿਸੇ ਵੀ ਕੰਮ ਵਾਲੇ ਦਿਨ ਅਸਾਲਤਨ/ਵਕਾਲਤਨ ਅਦਾਲਤ ਵਿਚ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਬਾਅਦ ਗੁਜ਼ਰਨੇ ਮਿਆਦ ਕਾਰਵਾਈ ਨਿਯਮਾਂ ਅਨੁਸਾਰ ਕਰ ਦਿੱਤੀ ਜਾਵੇਗੀ। ਫਰੀਕਸਾਨੀ ਧਿਰਾਂ ਲਜ਼ੀ ਨੰਬਰ 1. ਇੰਦਰਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਜਲੌਰ ਸਿੰਘ 2. ਜਸਵੀਰ ਸਿੰਘ ਪੁੱਤਰ ਰਮਨਦੀਪ ਸਿੰਘ ਪੁੱਤਰ ਹਰਵਿੰਤ ਸਿੰਘ 3. ਬਲਦੇਵ ਕੌਰ 4. ਸੁਖਦੇਵ ਕੌਰ ਪੁੱਤਰੀਆਂ ਪੂਰਨ ਸਿੰਘ ਪੁੱਤਰ ਲਾਲ ਸਿੰਘ 5. ਬਲਜੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਸ਼ਮਸ਼ੇਰ ਸਿੰਘ 6. ਸੁਰਿੰਦਰ ਕੌਰ ਪਤਨੀ ਜਗਰਾਜ ਸਿੰਘ ਪੁੱਤਰ ਹਰਨੇਕ ਸਿੰਘ 7. ਗੁਰਪ੍ਰੀਤ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਜੋਗਿੰਦਰ ਸਿੰਘ 8. ਅਰਸ਼ਦੀਪ ਸਿੰਘ ਪੁੱਤਰ ਜਗਦੀਪ ਸਿੰਘ ਪੁੱਤਰ ਕਪੂਰ ਸਿੰਘ 8. ਜਸਪਾਲ ਕੌਰ ਪਤਨੀ ਰਜਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ 9. ਹਰਜੀਤ ਕੌਰ ਪਤਨੀ ਹਰਦਿਆਲ ਸਿੰਘ 10. ਪਰਮਵੀਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਦਿਆਲ ਸਿੰਘ 11. ਰਸ਼ਪਾਲ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ 12. ਜਸਵੀਰ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ 13. ਭੂਪਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ 14. ਮੁਖਤਿਆਰ ਕੌਰ ਪੁੱਤਰੀ ਜਲੌਰ ਸਿੰਘ ਪੁੱਤਰ ਭਾਗ ਸਿੰਘ 15. ਪਰਮਜੀਤ ਕੌਰ ਪੁੱਤਰੀ ਮਹਿਦਰ ਸਿੰਘ ਪੁੱਤਰ ਮਿੱਤ ਸਿੰਘ 16. ਬਲਵੰਤ ਰਾਮ ਪੁੱਤਰ ਇੰਦਰਜੀਤ ਸਿੰਘ ਪੁੱਤਰ ਹਰਬੰਸ ਲਾਲ 17. ਜਗਦੀਸ਼ ਕੁਮਾਰ ਪੁੱਤਰ ਗੁਰਤੇਜਪਾਲ ਸਿੰਘ ਪੁੱਤਰ ਹਰਬੰਸ ਲਾਲ 18. ਸੁਖਮੰਦਰ ਸਿੰਘ ਪੁੱਤਰ ਗੁਰਤੇਜਪਾਲ ਸਿੰਘ ਪੁੱਤਰ ਹਰਬੰਸ ਲਾਲ 19. ਪ੍ਰੇਮ ਸਿੰਘ ਪੁੱਤਰ ਇੰਦਰਜੀਤ ਸਿੰਘ ਪੁੱਤਰ ਹਰਬੰਸ ਲਾਲ 20. ਜੋਗਿੰਦਰਪਾਲ ਪੁੱਤਰ ਗੁਰਤੇਜਪਾਲ ਪੁੱਤਰ ਹਰਬੰਸ ਲਾਲ 21. ਤੇਜਪਾਲ 22. ਜੀਤ ਸਿੰਘ ਪੁੱਤਰਾਨ ਹਰਬੰਸ ਲਾਲ ਪੁੱਤਰ ਲਛਮਣ ਦਾਸ 23. ਓਮ ਪ੍ਰਕਾਸ਼ 24. ਰਾਮ ਕਿਸ਼ਨ ਪੁੱਤਰਾਨ ਹੰਸ ਰਾਜ ਪੁੱਤਰ ਮੁਨਸ਼ੀ ਰਾਮ 25. ਰਾਮ ਲਾਲ ਪੁੱਤਰ ਹਰਨਾਮ ਦਾਸ ਪੁੱਤਰ ਮੁਨਸ਼ੀ ਰਾਮ 26. ਸੁਖਦੇਵ ਰਾਮ ਪੁੱਤਰ ਸੁਖਰਾਮ ਪੁੱਤਰ ਲਾਲ ਚੰਦ 27. ਜੰਗੀਰ ਸਿੰਘ ਪੁੱਤਰ ਮਿਤ ਸਿੰਘ ਪੁੱਤਰ ਕਾਲਾ ਸਿੰਘ 28. ਟਹਿਲ ਕੌਰ ਵਿਧਵਾ ਇੰਦਰ ਸਿੰਘ ਪੁੱਤਰ ਮਿੱਤ ਸਿੰਘ 29. ਭਗਵਾਨਾ ਸਿੰਘ ਉਰਫ ਥਾਣਾ ਸਿੰਘ 30. ਗੁਰਜੰਟ ਸਿੰਘ 31. ਕਰਤਾਰ ਸਿੰਘ ਉਰਫ ਸ਼ਿੰਦਰ ਸਿੰਘ 32. ਗੁਰਮੇਲ ਸਿੰਘ ਪੁੱਤਰਾਨ ਇੰਦਰ ਸਿੰਘ ਪੁੱਤਰ ਮਿੱਤ ਸਿੰਘ 33. ਸ਼ਿੰਦਰ ਕੌਰ ਪੁੱਤਰੀ ਇੰਦਰ ਸਿੰਘ 34. ਮੁਖਤਿਆਰ ਕੌਰ ਵਿਧਵਾ 35. ਤੇਜ਼ ਸਿੰਘ 36. ਗੁਰਮੇਲ ਸਿੰਘ ਪੁੱਤਰਾਨ ਵਾ ਮਹਿਦਰ ਸਿੰਘ ਪੁੱਤਰ ਮਿੱਤ ਸਿੰਘ 37. ਸ਼ਿਦਰਪਾਲ ਸ਼ਰਮਾ ਪੁੱਤਰ ਉਮ ਪ੍ਰਕਾਸ਼ ਪੁੱਤਰ ਹੰਸ ਰਾਜ 38. ਕੰਵਲਜੀਤ ਕੌਰ ਵਿਧਵਾ ਜਸਬੀਰ ਸਿੰਘ ਪੁੱਤਰ ਮਹਿਦਰ ਸਿੰਘ 39. ਬਲਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪੁੱਤਰ ਥੇਸ਼ਰ ਸਿੰਘ 40. ਅਮਰੀਕ ਸਿੰਘ 41. ਸੋਬਨਜੀਤ ਸਿੰਘ ਪੁੱਤਰਾਨ ਦਰਸ਼ਨ ਸਿੰਘ ਪੁੱਤਰ ਪ੍ਰੀਤਮ ਸਿੰਘ 42. ਬਹਾਦਰ ਸਿੰਘ ਪੁੱਤਰ ਮੱਘਰ ਸਿੰਘ ਪੁੱਤਰ ਖਜਾਨ ਸਿੰਘ 43. ਮਨਕੀਤ ਕੌਰ ਵਿਧਵਾ 44. ਸਤਨਾਮ ਸਿੰਘ 45. ਰਮਨਦੀਪ ਸਿੰਘ ਪੁੱਤਰਾਨ ਵਾ ਤੋਤਾ ਸਿੰਘ ਪੁੱਤਰ ਮੱਘਰ ਸਿੰਘ 46. ਦਰਸ਼ਨਾ ਦੇਵੀ ਪਤਨੀ ਸ਼ਿਦਰਪਾਲ ਸ਼ਰਮਾ ਪੁੱਤਰ ਉਮ ਪ੍ਰਕਾਸ਼ 47. ਵਲੀਪ ਕੌਰ ਮਾਤਾ ਗੁਰਮੇਲ ਸਿੰਘ ਪੁੱਤਰ ਮੱਘਰ ਸਿੰਘ 48. ਗੁਰਵਿੰਦਰਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਮਹਿਦਰ ਸਿੰਘ 49. ਪ੍ਰਿਤਪਾਲ ਕੌਰ ਪਤਨੀ ਗੁਰਮੇਲ ਸਿੰਘ ਪੁੱਤਰ ਮਹਿਦਰ ਸਿੰਘ 50. ਗੁਰਚਰਨ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਸ਼ਾਨ ਸਿੰਘ 51. ਥੰਤ ਸਿੰਘ ਪੁੱਤਰ ਬਰਕਤ ਸਿੰਘ ਪੁੱਤਰ ਵਿਸਾਖਾ ਸਿੰਘ 52. ਕਰਮਜੀਤ ਕੌਰ ਵਿਧਵਾ ਗੁਰਨਾਮ ਸਿੰਘ ਪੁੱਤਰ ਜਗਦੀਸ਼ ਸਿੰਘ 53. ਹਰਬੰਸ ਕੌਰ ਵਿਧਵਾ ਜਗਦੀਸ਼ ਚੰਦਰ ਪੁੱਤਰ ਰਾਮ ਲਾਲ 54. ਉਂਕਾਰ ਸਿੰਘ ਪੁੱਤਰ ਜਗਦੀਸ਼ ਚੰਦਰ ਪੁੱਤਰ ਰਾਮ ਲਾਲ 55. ਉਜਾਗਰ ਸਿੰਘ 56. ਚਰਨ ਸਿੰਘ 57. ਹਰਬੰਦਰ ਸਿੰਘ ਪੁੱਤਰਾਨ ਬਲਵਿੰਦਰ ਸਿੰਘ ਪੁੱਤਰ ਬੇਤਾ ਸਿੰਘ 58. ਜਗਨ ਨਾਥ ਪੁੱਤਰ ਧੰਨ ਦੇਵੀ ਪੁੱਤਰੀ ਥੇਸ਼ਰ ਦੇਵੀ 59. ਸੁਰਜੀਤ ਕੌਰ ਵਿਧਵਾ ਹਰਬੰਸ ਸਿੰਘ ਪੁੱਤਰ ਲਛਮਨ ਸਿੰਘ 60. ਛਿੰਦੀ ਪੁੱਤਰੀ ਵੇਦ ਪ੍ਰਕਾਸ਼ ਪੁੱਤਰ ਹੰਸ ਰਾਜ 61. ਪ੍ਰਿਤਪਾਲ ਕੌਰ ਪਤਨੀ ਗੁਰਮੇਲ ਸਿੰਘ ਪੁੱਤਰ ਮਹਿਦਰ ਸਿੰਘ 62. ਬੂਟਾ ਰਾਮ 63. ਤਰਸੇਮ ਲਾਲ ਪੁੱਤਰਾਨ ਵੇਦ ਪ੍ਰਕਾਸ਼ ਪੁੱਤਰ ਹੰਸ ਰਾਜ 64. ਯੁਧਵੀਰ ਸਿੰਘ ਪੁੱਤਰ ਗੁਰਦਾਇਲ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀਆਨ ਚੰਦ ਪੁਰਾਣਾ ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ 65. ਕੁਲਦੀਪ ਕੌਰ ਪਤਨੀ ਮਨਜੀਤ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਅਲੂਣਾ ਮਿਆਣਾ ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ। ਇਹ ਨੋਟਿਸ ਅੱਜ ਮਿਤੀ 14.02.2025 ਨੂੰ ਜਾਰੀ ਕੀਤਾ ਜਾਂਦਾ ਹੈ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ, ਬਾਘਾ ਪੁਰਾਣਾ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ
ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਕੇਸ ਨੰ: 566/ਐੱਫ. ਟੀ. ਸੀ./ਐੱਨ.ਆਰ. ਆਈਜ਼ — ਕੇਸ ਅਨੁਵਾਨ - ਚਮਕੌਰ ਸਿੰਘ ਬਨਾਮ ਕੁਲਦੀਪ ਕੌਰ ਅਤੇ ਹੋਰ
ਖੇਵਟ- 811, 817, 819, 818, 820, 856, 857, 858, 859, 983, 774 — ਵਾਕਿਆ ਪਿੰਡ - ਵਿਰਕ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Chamkaur Singh S/o Mohan Singh S/o Bhagat Singh resident of WOLVERHAMPTON, ENGLAND through attorney Joga Singh S/o Mohan Singh 2. Joga Singh S/o Mohan Singh .S/o Bhagat Singh R/o Village Virk, Tehsil Phillaur, (Goraya), District Jalandhar. (Applicant)

V/S

ਨੋਟਿਸ ਬਨਾਮ

1. Kuldip Kaur Wd/o Paramjit Singh S/o Narinder Singh, 2. Ram Kaur wd/o Shiv Singh S/o Diwan Singh, 3. Mahinder Singh S/o Shiv Singh S/o Diwan Singh 4. Bupinder Singh S/o Kewal Singh S/o Bhagat Singh 5. Inderjit Kaur wd/o Randhir Singh S/o Kewal Singh 6. Pal Singh S/o Bhagat Singh S/o Harnam Singh 7. Balbir Singh S/o Sohan Singh S/o

ਹਾਰਵਰਡ ਕਾਨਵੈਂਟ ਸਕੂਲ 'ਚ ਸ਼ਾਨਦਾਰ ਵਿਦਾਇਗੀ ਪਾਰਟੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਸੈਸ਼ਨ 2024-25 ਦੇ ਬਾਰਵੀਂ ਕਲਾਸ ਦੇ ਬੱਚਿਆਂ ਨੂੰ ਬਹੁਤ ਹੀ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਸਮੇਂ ਸਕੂਲ ਦੇ ਗਿਆਰਵੀਂ ਕਲਾਸ ਦੇ ਬੱਚਿਆਂ ਨੇ ਬਾਰਵੀਂ ਕਲਾਸ ਦੇ ਬੱਚਿਆਂ ਲਈ ਪਾਰਟੀ ਦਾ ਪ੍ਰਬੰਧ ਕੀਤਾ।ਇਸ ਪਾਰਟੀ ਦੀ ਸ਼ੁਰੂਆਤ ਕੇਕ ਕੱਟਣ ਨਾਲ ਹੋਈ।ਇਸ ਸਮੇਂ ਸਕੂਲ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਤੇ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਬੱਚਿਆਂ ਨਾਲ ਮਿਲ ਕੇ ਕੇਕ ਕੱਟਿਆ ਤੇ ਪਾਰਟੀ ਦੀ ਸ਼ੁਰੂਆਤ ਕੀਤੀ।ਇਸ ਤੋਂ ਬਾਅਦ ਬੱਚਿਆਂ ਨੇ ਗੀਤ, ਡਾਂਸ, ਸਕਿੱਟ ਆਦਿ ਨਾਲ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਇਸ ਤੋਂ ਬਾਅਦ 11ਵੀਂ ਕਲਾਸ ਦੇ ਵਿਦਿਆਰਥੀਆਂ ਨੇ ਬਾਰਵੀਂ ਕਲਾਸ ਦੇ ਬੱਚਿਆਂ ਨੂੰ ਗਿਫਟ ਦਿੱਤੇ।ਇਸ ਪਾਰਟੀ ਵਿੱਚ ਬੱਚਿਆਂ ਲਈ ਵਧੀਆ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ।ਸਕੂਲ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਇਹ ਸਮਾਂ ਸਾਡੇ ਲਈ ਬਹੁਤ ਹੀ ਮੁਸ਼ਕਲ ਭਰਿਆ ਹੁੰਦਾ ਹੈ, ਇੱਕ ਪਾਸੇ ਸਾਡੇ ਲਈ ਖੁਸ਼ੀ ਦਾ ਸਮਾਂ ਹੁੰਦਾ ਹੈ ਕਿ ਸਾਡੇ ਬੱਚੇ ਆਪਣੀ ਜ਼ਿੰਦਗੀ ਵਿੱਚ ਅੱਗੇ ਵਧ ਰਹੇ ਹਨ ਅਤੇ ਦੂਜੇ ਪਾਸੇ ਸਾਡੇ ਲਈ ਦੁੱਖ ਦਾ ਸਮਾਂ ਹੁੰਦਾ ਹੈ, ਜਦੋਂ ਸਾਡੇ ਬੱਚੇ ਸਾਡੇ ਸਕੂਲ ਨੂੰ ਛੱਡ ਕੇ ਜਾਂਦੇ ਹਨ।ਉਨ੍ਹਾਂ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।ਉਨ੍ਹਾਂ ਬੱਚਿਆਂ ਨੂੰ ਦਿਨ-ਰਾਤ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ ਤੇ ਜ਼ਿੰਦਗੀ ਵਿੱਚ ਉੱਚੀਆਂ ਮੰਜ਼ਲਾਂ ਹਾਸਲ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਦੀ ਪ੍ਰੇਰਣਾ ਦਿੱਤੀ।ਉਨ੍ਹਾਂ ਕਿਹਾ ਕਿ ਹਾਰਵਰਡ ਸਕੂਲ ਹਮੇਸ਼ਾ ਉਨ੍ਹਾਂ ਦੇ ਨਾਲ ਹੈ ਤੇ ਹਮੇਸ਼ਾ ਦੁਆ ਕਰੇਗਾ ਕਿ ਸਾਡੇ ਬੱਚੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ।

ਦਿਵਿਆਂਗ ਬੱਚਿਆਂ ਦਾ ਬਲਾਕ ਪੱਧਰੀ ਸੱਭਿਆਚਾਰਕ ਪ੍ਰੋਗਰਾਮ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਦਿਵਿਆਂਗ ਬੱਚਿਆਂ ਦਾ ਬਲਾਕ ਪੱਧਰੀ ਸੱਭਿਆਚਾਰ ਪ੍ਰੋਗਰਾਮ ਸਰਕਾਰੀ ਪ੍ਰਾਇਮਰੀ ਸਕੂਲ ਖਾਈ ਵਿਖੇ ਸ੍ਰੀ ਦੇਵੀ ਪ੍ਰਸਾਦ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਅਗਵਾਈ ਹੇਠ ਅਤੇ ਸੀ ਐਚ ਟੀ ਸ਼ਮਸ਼ੇਰ ਸਿੰਘ ਦੀ ਦੇਖ ਰੇਖ ਵਿੱਚ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸੋਲੋ ਡਾਂਸ, ਪੇਂਟਿੰਗ ਮੁਕਾਬਲੇ, ਡਰੈਸ ਕੰਪੀਟੀਸ਼ਨ, ਗੀਤ, ਕਵਿਤਾ ਮੁਕਾਬਲੇ ਆਦਿ ਕਰਵਾਏ ਗਏ। ਇਸ ਪ੍ਰੋਗਰਾਮ ਵਿੱਚ ਲਗਭਗ 35 ਦਿਵਿਆਂਗ ਬੱਚਿਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚੋਂ ਆਏ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇਸ ਪ੍ਰੋਗਰਾਮ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਵੱਲੋਂ ਆਈ ਡੀ ਦੇ ਇੰਚਾਰਜ ਮਨਜਿੰਦਰ ਕੌਰ ਅਤੇ ਜਸਪ੍ਰੀਤ ਕੌਰ, ਸ੍ਰ ਹਾਈ ਸਕੂਲ ਦੇ ਇੰਚਾਰਜ ਜਗਜੀਤ ਸਿੰਘ ਪਹੁੰਚੇ। ਇਸ ਮੌਕੇ ਕੁਲਦੀਪ ਸਿੰਘ ਰਿਸੋਰਸ ਟੀਚਰ ਨਿਹਾਲ ਸਿੰਘ ਵਾਲਾ, ਸੁਲੱਖਣ ਸਿੰਘ ਰਿਸੋਰਸ ਟੀਚਰ ਸੈਦੋਕੇ ਦਾ ਵਧੀਆ ਕਾਰਗੁਜ਼ਾਰੀ ਕਰਨ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੀ ਐਚ ਟੀ ਸ਼ਮਸ਼ੇਰ ਸਿੰਘ ਨੇ ਸਾਰਿਆਂ ਬੱਚਿਆਂ ਅਤੇ ਮਾਪਿਆਂ ਦਾ ਇਸ ਪ੍ਰੋਗਰਾਮ ਵਿੱਚ ਆਉਣ ਲਈ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਸ਼ਮਸ਼ੇਰ ਸਿੰਘ, ਜਗਜੀਤ ਸਿੰਘ ਇੰਚਾਰਜ ਹਾਈ ਸਕੂਲ ਖਾਈ, ਮਨਜਿੰਦਰ ਕੌਰ, ਕੁਲਦੀਪ ਸਿੰਘ, ਸੁਲੱਖਣ ਸਿੰਘ, ਦੁਪਿਕਾ, ਕੁਲਵੰਤ ਸਿੰਘ, ਹਰਦਰਸ਼ਨ ਸਿੰਘ, ਕੁਲਦੀਪ ਸਿੰਘ, ਅੰਜੂ ਬਾਲਾ, ਜਸਵੀਰ ਕੌਰ, ਰਮਨਦੀਪ ਕੌਰ ਅਤੇ ਸਕੂਲ ਖਾਈ ਦਾ ਸਮੂਹ ਸਟਾਫ ਹਾਜ਼ਰ ਸੀ।

ਲਾਰੈਂਸ ਸਕੂਲ ਦੇ ਬੱਚਿਆਂ ਨੇ ਗਤੀਵਧੀਆਂ 'ਚ ਉਤਸ਼ਾਹ ਦਿਖਾਇਆ

ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਸਕੂਲ ਦੇ ਕਿੰਡਰਗਾਰਟਨ ਵਿੰਗ ਦੇ ਬੱਚਿਆਂ ਨੇ ਵੱਖ-ਵੱਖ ਰੋਮਾਂਚਿਕ ਗਤੀਵਧੀਆਂ ਵਿੱਚ ਹਿੱਸਾ ਲੈ ਕੇ ਉਤਸ਼ਾਹ ਦਿਖਾਇਆ।ਸਕੂਲ ਦੇ ਚੇਅਰਮੈਨ ਤਰਸੇਮ ਗਰਗ, ਪ੍ਰਿੰਸੀਪਲ ਜੀਨਮ, ਮਨੋਜ ਕੁਮਾਰ ਨੇ ਦੱਸਿਆ ਕਿ ਸਕੂਲ ਦੇ ਕਿੰਡਰਗਾਰਟਨ ਵਿੰਗ ਦੇ ਬੱਚਿਆਂ ਨੇ ਵੱਖ ਵੱਖ ਗਤੀਵਧੀਆਂ ਵਿੱਚ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਦੇ ਬੌਧਿਕ, ਮਾਨਸਿਕ, ਸਰੀਰਕ ਤੇ ਭਾਸ਼ਾਈ ਵਿਕਾਸ ਵਿੱਚ ਮਦਦ ਮਿਲੀ।ਬੱਚਿਆਂ ਨੇ ਗੇਮਾਂ ਰਾਹੀਂ ਦਿਨਾਂ ਦੇ ਨਾਮ ਬਾਰੇ ਸਿੱਖਿਆ।ਉਨ੍ਹਾਂ ਨੇ ਵੱਡੇ-ਛੋਟੇ, ਗਰਮ-ਠੰਡੇ ਤੇ ਖੁਸ਼-ਉਦਾਸ ਵਰਗੇ ਸ਼ਬਦਾਂ ਦਾ ਮੇਲ ਕੀਤਾ, ਜਿਸ ਨਾਲ ਉਨ੍ਹਾਂ ਦੀ ਸ਼ਬਦਾਵਲੀ ਦੀ ਸਮਝ ਨੂੰ ਵਧਾਉਣ ਵਿੱਚ ਮਦਦ ਮਿਲੀ।ਬੱਚਿਆਂ ਨੇ ਸੰਖਿਆ ਦੀ ਪਹਿਚਾਣ ਤੇ ਵਸਤੂਆਂ ਦੀ ਗਿਣਤੀ ਕਰਨ, ਪੰਜਾਬੀ ਵਿੱਚ ਸਵਰ-ਵਿਅੰਜਨ ਸ਼ਬਦਾਂ ਜਿਵੇਂ ਬਿੱਲੀ- ਕੁੱਤਾ ਆਦਿ ਪੜ੍ਹਨ ਦਾ ਅਭਿਆਸ ਕੀਤਾ।ਉਹਨਾਂ ਦੇ ਧੁਨੀ ਵਿਗਿਆਨ ਦੇ ਹੁਨਰ ਨੂੰ ਸੁਧਾਰਨ ਤੇ ਪੜ੍ਹਨ ਅਤੇ ਅੰਗਰੇਜ਼ੀ ਅੱਖਰਾਂ ਬਾਰੇ ਪਹਿਚਾਣ ਕਰਵਾਈ ਗਈ ਤਾਂ ਕਿ ਬੱਚਿਆਂ ਨੂੰ ਭਾਸ਼ਾਈ ਵਿਕਾਸ ਵਿੱਚ ਮਦਦ ਮਿਲੇ।ਇਸ ਮੌਕੇ ਪ੍ਰਿੰਸੀਪਲ ਜੀਨਮ ਮਨੋਜ ਕੁਮਾਰ ਨੇ ਕਿਹਾ ਕਿ ਇਹ ਗਤੀਵਧੀਆਂ ਬੱਚਿਆਂ ਦੀ ਸਿਰਜਣਾਤਮਕ ਨੂੰ ਉਤਸ਼ਾਹਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਅਜਿਹੀਆਂ ਗਤੀਵਧੀਆਂ ਜਾਰੀ ਰਹਿਣਗੀਆਂ।

ਸਰਕਾਰੀ ਰਣਬੀਰ ਕਾਲਜ ਦਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸ਼ੁਰੂ

ਸੰਗਰੂਰ (ਪ੍ਰਵੀਨ ਸਿੰਘ)-ਸਰਕਾਰੀ ਰਣਬੀਰ ਕਾਲਜ ਸੰਗਰੂਰ ਦੇ ਐੱਨ ਐੱਸ ਐੱਸ ਯੂਨਿਟ-3 (ਲੜਕੇ) ਤੇ ਐੱਨ ਐੱਸ ਐੱਸ ਯੂਨਿਟ 4 (ਲੜਕੀਆਂ) ਦਾ ਸੱਤ ਰੋਜ਼ਾ ਕੈਂਪ ਪ੍ਰਿੰਸੀਪਲ ਪ੍ਰੋ: (ਡਾ.) ਰਚਨਾ ਭਾਰਦਵਾਜ ਦੀ ਰਹਿਨੁਮਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ: ਜਗਦੀਪ ਸਿੰਘ ਤੇ ਪ੍ਰੋ: ਮਨਜੋਤ ਕੌਰ ਦੀ ਅਗਵਾਈ ਵਿੱਚ ਬੱਗੂਆਣਾ ਨਗਰ (ਸੰਗਰੂਰ) ਵਿਖੇ ਸ਼ੁਰੂ ਹੋਇਆ।ਇਸ ਸੱਤ ਰੋਜ਼ਾ ਕੈਂਪ ਦਾ ਰਸਮੀ ਉਦਘਾਟਨ ਕਾਲਜ ਵਾਈਸ ਪ੍ਰਿੰਸੀਪਲ ਡਾ. ਹਰਦੀਪ ਸਿੰਘ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਉਨ੍ਹਾਂ ਵਲੰਟੀਅਰਜ਼ ਨੂੰ ਸੰਬੋਧਤ ਹੁੰਦਿਆਂ ਵਿਦਿਆਰਥੀ ਜੀਵਨ ਵਿੱਚ ਐੱਨ ਐੱਸ ਐੱਸ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ।ਪ੍ਰੋ: ਜਗਦੀਪ ਸਿੰਘ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਕੀਤੀਆਂ ਜਾਣ ਗਤੀਵਿਧੀਆਂ ਬਾਰੇ ਦੱਸਿਆ ਗਿਆ।ਇਸ ਮੌਕੇ ਬੱਗੂਆਣਾ ਨਗਰ ਤੋਂ ਕੌਂਸਲਰ ਹਰਪ੍ਰੀਤ ਸਿੰਘ ਸੋਖੋਂ, ਡਾ. ਗੁਰਪਾਲ ਸਿੰਘ ਤੇ ਪ੍ਰੋ: ਸਤਨਾਮ ਸਿੰਘ (ਸਰਕਾਰੀ ਰਣਬੀਰ ਕਾਲਜ, ਸੰਗਰੂਰ) ਉਚੇਚੇ ਤੌਰ 'ਤੇ ਸ਼ਾਮਲ ਸਨ।

ਸਾਲਾਨਾ ਧਾਰਮਿਕ ਸਮਾਗਮ ਦੌਰਾਨ 33 ਯੂਨਿਟ ਖੂਨ ਦਾਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਿੰਡ ਹਰਿਆਊ ਖੁਰਦ ਵਿਖੇ ਗੁਰਦੁਆਰਾ ਬਾਬਾ ਸ਼ਹੀਦ ਜੀ ਵਿਖੇ ਸਾਲਾਨਾ ਧਾਰਮਿਕ ਸਮਾਗਮ ਭਾਈ ਮੁਖਤਿਆਰ ਸਿੰਘ ਪਾਂਡੀ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੇ ਹਰਿਆਣਾ, ਜੰਮੂ, ਝਾਰਖੰਡ ਤੇ ਯੂ ਪੀ ਤੋਂ ਆਈਆਂ ਸੰਗਤਾਂ ਨੇ ਹਾਜ਼ਰੀ ਲਵਾਈ।ਸਮਾਗਮ ਮੌਕੇ ਢਾਡੀ ਜਥਿਆਂ ਨੇ ਜੋਸ਼ੀਲੀਆਂ ਵਾਰਾਂ ਤੇ ਕੀਰਤਨੀ ਜਥਿਆਂ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ।ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ, ਜਿਸ ਵਿੱਚ 33 ਵਲੰਟੀਅਰਾਂ ਨੇ ਖੂਨ ਦਾਨ ਕੀਤਾ।ਕੈਂਪ ਦੀ ਰਸਮੀ ਸ਼ੁਰੂਆਤ ਸ਼ੁਭਦੀਪ ਸਿੰਘ ਪਟਿਆਲਾ ਤੇ ਨਰਵੰਤ ਸਿੰਘ ਨੰਬਰਦਾਰ ਹਰਿਆਊ ਖੁਰਦ ਨੇ ਖੁਦ ਖੂਨ ਦਾਨ ਕਰਕੇ ਕੀਤੀ।ਸਮੂਹ ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮਿਸ਼ਨ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੁਰਪ੍ਰੀਤ ਸਿੰਘ ਪਟਿਆਲਾ, ਮਾਨ ਸਿੰਘ ਫੌਜੀ, ਗੁਰਚਰਨਜੀਤ ਸਿੰਘ, ਹਰਮਨਦੀਪ ਸਿੰਘ ਸਨੌਰ ਤੇ ਕੁਲਵਿੰਦਰ ਸਿੰਘ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ।

ਸਰਕਾਰੀ ਸੀਨੀ. ਸੈਕੰ. ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ

ਬਰੇਟਾ (ਗੀਤਵਾਲ)-ਸਿੱਖਿਆ ਵਿਭਾਗ ਵੱਲੋਂ ਸੂਬੇ ਅੰਦਰ ਸਥਿਤ ਵਿੱਦਿਅਕ ਸੰਸਥਾਵਾਂ ਨੂੰ ਵੱਖ-ਵੱਖ ਥਾਵਾਂ 'ਤੇ ਵਿੱਦਿਅਕ ਟੂਰ ਲਗਾਉਣ ਦੀਆਂ ਹਦਾਇਤਾਂ ਤੇ ਇਸ ਸਬੰਧੀ ਗਰਾਂਟ ਵੀ ਜਾਰੀ ਕੀਤੀ ਗਈ, ਜਿਸ ਹੀ ਲੜੀ ਤਹਿਤ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰੇਟਾ ਦੇ ਵਿਦਿਆਰਥੀਆਂ ਨੇ ਸ੍ਰੀ ਪਰਮੇਸ਼ਵਰ ਦੁਆਰ ਤੋਂ ਇਲਾਵਾ ਰੋਕ ਗਾਰਡਨ, ਸੁਖਨਾ ਝੀਲ, ਚੱਪੜ ਚਿੜੀ, ਸਰਹਿੰਦ ਤੇ ਇਸ ਤੋਂ ਇਲਾਵਾ ਹੋਰ ਵੱਖ ਵੱਖ ਥਾਵਾਂ ਦਾ ਵਿੱਦਿਅਕ ਟੂਰ ਲਗਾਇਆ। ਸਕੂਲ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਰਾਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਦੇ ਬੱਚਿਆਂ ਨੇ ਵੱਖ-ਵੱਖ ਥਾਵਾਂ 'ਤੇ ਵਿਦਿਅਕ ਟੂਰ ਲਗਾ ਕੇ ਆਪਣੀ ਜਾਣਕਾਰੀ ਵਿੱਚ ਵਾਧਾ ਕੀਤਾ ਤੇ ਲਗਾਏ ਗਏ ਟੂਰ ਦੌਰਾਨ, ਜੋ ਵੀ ਉਥੋਂ ਸਿੱਖਿਆ ਤੇ ਜਾਣਕਾਰੀ ਹਾਸਲ ਕੀਤੀ, ਉਸ ਦੀ ਆਪਣੇ ਅਧਿਆਪਕਾਂ ਤੇ ਪ੍ਰਿੰਸੀਪਲ ਨਾਲ ਸਾਂਝ ਪਾਈ। ਬੱਚਿਆਂ ਨੇ ਵਿੱਦਿਅਕ ਟੂਰ ਦੌਰਾਨ ਪੌਸ਼ਟਿਕ ਤੇ ਸਵਾਦਿਸ਼ਟ ਭੋਜਨ ਦਾ ਲੁਤਫ ਵੀ ਲਿਆ ਅਤੇ ਇਸ ਮੌਕੇ ਵਿਦਿਆਰਥੀਆਂ ਨੇ ਭਰਪੂਰ ਮਨੋਰੰਜਨ ਕੀਤਾ। ਸ੍ਰੀਮਤੀ ਮੋਨਿਕਾ ਰਾਣੀ ਨੇ ਦੱਸਿਆ ਕਿ ਬੱਚਿਆਂ ਤੇ ਸੰਸਥਾ ਦੀ ਬਿਹਤਰੀ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦੇ ਰਹਿਣਗੇ। ਇਸ ਮੌਕੇ ਉਨ੍ਹਾਂ ਨੇ ਸਟਾਫ ਵੱਲੋਂ ਮਿਲੇ ਸਹਿਯੋਗ ਦਾ ਵੀ ਧੰਨਵਾਦ ਕੀਤਾ। ਇਸ ਟੂਰ ਦੇ ਨਾਲ ਨੋਡਲ ਅਫਸਰ ਸਤਿਗੁਰ ਸਿੰਘ ਅੰਗਰੇਜ਼ੀ ਮਾਸਟਰ ਵੀ ਹਾਜ਼ਰ ਰਹੇ, ਜਿਨ੍ਹਾਂ ਨੇ ਬੱਚਿਆਂ ਨੂੰ ਵੱਖ ਵੱਖ ਥਾਵਾਂ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਕੰਮ ਸ਼ੰਕਾ ਦੇ ਘੇਰੇ 'ਚ!

ਜੈਤੋ (ਪੱਤਰ ਪ੍ਰੇਰਕ)-'ਨੀਰੋ ਬੰਸਰੀ ਵਜਾ ਰਿਹਾ ਸੀ ਤੇ ਰੋਮ ਜਲ ਰਿਹਾ ਸੀ' ਇਹ ਕਹਾਵਤ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਛੋਟੇ ਵੱਡੇ ਅਧਿਕਾਰੀਆਂ ਦੇ ਅਮਲੇ ਉੱਤੇ ਇੰਨ ਬਿੰਨ ਢੁੱਕਦੀ ਹੈ, ਜਿਵੇਂ ਕਿ ਬਿਨਾਂ ਕਿਸੇ ਰੋਕ ਟੋਕ ਦੇ ਭ੍ਰਿਸ਼ਟਾਚਾਰ, ਗ਼ਰੀਬ ਤੇ ਦੱਬੇ ਕੁਚਲੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹੋਏ ਗੁਦਾਮਾਂ ਵਿੱਚ ਲੱਗਣ ਵਾਲੇ ਚਾਵਲਾਂ ਦੀ ਕਵਾਲਿਟੀ ਨਾਲ ਸਮਝੌਤਾ, ਜਿਸ ਸਬੰਧੀ ਦੇਸ਼ ਦੇ ਅੱਡੋ ਅੱਡ ਹਿੱਸਿਆਂ ਵਿੱਚ ਭੇਜਿਆ ਗਿਆ ਚਾਵਲਾਂ ਦਾ ਸਟਾਕ ਜੋ ਕਿ ਇਨਸਾਨ ਤਾਂ ਕੀ ਪਸ਼ੂਆਂ ਦੇ ਖਾਣ ਲਈ ਵੀ ਖ਼ਤਰਨਾਕ ਸੀ, ਦੀਆਂ ਖ਼ਬਰਾਂ ਮੀਡੀਆ ਵਿੱਚ ਆਈਆਂ, ਪ੍ਰੰਤੂ ਗਿਸ਼ਵਤ ਦੀ ਰਾਸ਼ੀ ਦੇ ਅੰਨ੍ਹੇ ਕੀਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਆਲ੍ਹਾ ਅਧਿਕਾਰੀਆਂ ਦੀਆਂ ਆਦਤਾਂ ਵਿੱਚ ਸੁਧਾਰ ਲਿਆਉਣ ਲਈ ਪ੍ਰਦੇਸ਼ ਸਰਕਾਰ, ਕੇਂਦਰ ਸਰਕਾਰ ਤੇ ਰਾਜ਼ ਅਤੇ ਕੇਂਦਰੀ ਜਾਂਚ ਏਜੰਸੀਆਂ ਨੇ ਚੁੱਪ ਧਾਰੀ ਹੋਈ ਹੈ।ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਗੁਦਾਮਾਂ ਵਿੱਚ ਲੱਗਣ ਵਾਲੇ ਚਾਵਲਾਂ ਵਿੱਚ ਵਰਤਿਆ ਜਾਂਦਾ ਬਾਰਦਾਨਾ ਪੁਰਾਣਾ ਤੇ ਪਾਟਿਆ ਹੋਇਆ, ਤੈਅ ਮਾਪਦੰਡਾਂ ਤੋਂ ਜ਼ਿਆਦਾ ਡਿਸਕਲਰ, ਤੈਅ ਮਾਪਦੰਡਾਂ ਤੋਂ ਜ਼ਿਆਦਾ ਟੁੱਟ, ਤੈਅ ਮਾਪਦੰਡਾਂ ਤੋਂ ਘੱਟ ਫੋਰਟੀ ਫਾਈਡ ਖੁਰਾਕ ਦੀ ਮਾਤਰਾ, ਵਜ਼ਨ ਵਿੱਚ ਨਿਗੁਣਾ ਹੋਣ ਦੇ ਬਾਵਜੂਦ ਪ੍ਰਤੀ ਗੱਡੀ ਹਜ਼ਾਰਾਂ ਰੁਪਏ ਦੀ ਗਿਸ਼ਵਤ ਲੈਣ ਦੀਆਂ ਖ਼ਬਰਾਂ ਪਿਛਲੇ ਕੁਝ ਸਮੇਂ ਤੋਂ ਮੀਡੀਆ ਵਿੱਚ ਲਗਾਤਾਰ ਲੱਗ ਰਹੀਆਂ ਹਨ।ਦੱਸਣਯੋਗ ਹੈ ਕਿ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਭ੍ਰਿਸ਼ਟ ਟੋਲੇ ਦੀਆਂ ਹਰਕਤਾਂ ਕਾਰਨ ਨਾ ਕੇਵਲ ਜ਼ਰੂਰਤਮੰਦ ਤੇ ਗਰੀਬ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਬਲਕਿ ਸਰਕਾਰੀ ਖਜ਼ਾਨੇ ਨੂੰ ਵੀ ਕਰੋੜਾਂ ਰੁਪਏ ਦਾ ਚੂਨਾ ਲਾਇਆ ਜਾ ਰਿਹਾ ਹੈ।ਜਦੋਂ ਇਸ ਸਬੰਧੀ ਪੱਖ ਲੈਣ ਲਈ ਐੱਫ਼ ਸੀ ਆਈ ਦੇ ਉੱਚ ਅਧਿਕਾਰੀਆਂ ਨੂੰ ਫੋਨ ਕੀਤਾ ਜਾਂਦਾ ਹੈ ਤਾਂ ਕੰਪਿਊਟਰ ਚੀਕਾਂ ਮਾਰ ਮਾਰ ਕੇ ਫੋਨ ਨੰਬਰਾਂ ਨੂੰ ਫੇਕ, ਫਰਜ਼ੀ ਦੱਸਦਾ ਹੈ।

ਰੈਗੂਲਰ ਮੁਲਾਜ਼ਮਾਂ ਦੇ ਨਾਮ ਮੈਰਿਟ ਲਿਸਟ 'ਚੋਂ ਕੱਢਣ ਦੀ ਨਿੰਦਾ

ਜੀ ਐੱਸ ਟੀ ਯੂ ਦੇ ਆਗੂ ਰੈਗੂਲਰ ਮੁਲਾਜ਼ਮਾਂ ਨੂੰ ਬਾਹਰ ਕੱਢਣ ਤੇ ਨਿੰਦਾ ਕਰਦੇ ਹੋਏ।

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਵਿੱਤ ਸਕੱ

15-Feb-PAGE-8.qxd 2/14/2025 9:00 PM Page 1

ਪ੍ਰਸ਼ਾਸਨ ਨੇ ਅਣ-ਅਧਿਕਾਰਤ ਕਲੋਨੀਆਂ 'ਤੇ ਚਲਾਇਆ ਪੀਲਾ ਪੰਜਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)

ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ ਜਨਰਲ),ਕਪੂਰਥਲਾ ਨਵਨੀਤ ਕੌਰ ਬੱਲ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਣ-ਅਧਿਕਾਰਤ ਕਲੋਨੀਆਂ ਉੱਪਰ ਡਿੱਚ ਮਸ਼ੀਨ ਚਲਾ ਕੇ ਉਨ੍ਹਾਂ ਨੂੰ ਢਾਹਿਆ ਗਿਆ।ਅਮਰਿੰਦਰਜੀਤ ਸਿੰਘ, ਸਹਾਇਕ ਨਗਰ ਯੋਜਨਾਕਾਰ ਅਤੇ ਰੈਗੂਲੇਟਰੀ ਟੀਮ ਵੱਲੋਂ ਵੱਡੀ ਕਾਰਵਾਈ ਕਰਦਿਆਂ ਬੇਗੋਵਾਲ ਵਿਖੇ, ਬੇਗੋਵਾਲ ਤੋਂ ਟਾਂਡਾ ਰੋਡ ਤੇ ਜ਼ਿਲ੍ਹਾ ਨਗਰ ਯੋਜਨਾਕਾਰ, ਕਪੂਰਥਲਾ ਦੀ ਹਦੂਦ ਵਿੱਚ ਬਣ ਰਹੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ 1995 ਦੀ ਉਲੰਘਣਾ ਕਰਨ ਕਰਕੇ ਢਾਹ ਦਿੱਤਾ ਗਿਆ।ਬੱਲ ਨੇ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੇਗੋਵਾਲ, ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂ ਜੋ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਵਧੀਕ ਡਿਪਟੀ ਕਮਿਸ਼ਨਰ (ਜਨਰਲ), ਕਪੂਰਥਲਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

ਤਿੰਨ ਰੋਜ਼ਾ ਵਾਲੀਵਾਲ ਤੇ ਕਬੱਡੀ ਟੂਰਨਾਮੈਂਟ ਪਹਿਲੀ ਤੋਂ

ਤਲਵੰਡੀ ਚੌਧਰੀਆਂ (ਨਵਕਿਰਨ ਭੋਲਾ)

ਲਾਲਾਂ ਵਾਲਾ ਪੀਰ ਟੂਰਨਾਮੈਂਟ ਪ੍ਰਬੰਧਕ ਕਮੇਟੀ ਤਲਵੰਡੀ ਚੌਧਰੀਆਂ ਵੱਲੋਂ 20 ਫੱਗਣ ਚੌਕੀਆਂ ਵਾਲੇ ਜੋੜ ਮੇਲੇ 'ਤੇ ਮਿਤੀ ਇੱਕ, ਦੋ ਅਤੇ ਤਿੰਨ ਮਾਰਚ ਨੂੰ ਤਿੰਨ ਰੋਜ਼ਾ ਵਾਲੀਵਾਲ ਅਤੇ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜੋੜ ਮੇਲਾ ਅਤੇ ਟੂਰਨਾਮੈਂਟ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸਰਪੰਚ ਬਲਵਿੰਦਰ ਸਿੰਘ ਲੱਡੂ, ਮਨਜੀਤ ਸਿੰਘ ਲਾਲੀ, ਹਰਜੀਤ ਸਿੰਘ ਰਾਣਾ ਸਵਾਮੀ, ਜੀਤ ਸਿੰਘ ਚੁਲੱਧੀਆ, ਬਲਵਿੰਦਰ ਸਿੰਘ ਤੁੜ, ਬਲਜੀਤ ਸਿੰਘ ਬੱਲੀ, ਰੁਪਿੰਦਰ ਸਿੰਘ ਸੇਠੀ, ਜਥੇਦਾਰ ਬਖਸ਼ੀਸ਼ ਸਿੰਘ ਬਿੱਲਾ ਪ੍ਰਧਾਨ, ਰਣਜੀਤ ਸਿੰਘ ਰਾਣਾ ਨੰਡਾ, ਭੁਪਿੰਦਰ ਸਿੰਘ ਭਿੰਦਾ ਨੰਬਰਦਾਰ, ਅਮਰੀਕ ਸਿੰਘ, ਅਮਰਜੀਤ ਸਿੰਘ ਫੌਜੀ, ਸੰਤੋਖ ਸਿੰਘ ਸੋਖਾ, ਹਰਜਿੰਦਰ ਸਿੰਘ ਸਾਬਕਾ ਚੇਅਰਮੈਨ, ਵਿਕਾਸ ਲਵ, ਬਲਦੇਵ ਸਿੰਘ ਦੇਬੂ, ਵਰਿਆਮ ਸਿੰਘ ਮਜੀਠੀਆ ਚਾਹ ਵਾਲਾ ਆਦਿ ਮੈਂਬਰਾਂ ਸਾਂਝੇ ਤੌਰ 'ਤੇ ਦੱਸਿਆ ਕਿ ਇੱਕ ਮਾਰਚ ਨੂੰ ਜੂਨੀਅਰ ਵਾਲੀਬਾਲ ਅਤੇ ਦੋ ਮਾਰਚ ਨੂੰ ਸੀਨੀਅਰ ਵਾਲੀਵਾਲ ਮੈਚ ਕਰਵਾਏ ਜਾਣਗੇ।ਗੌਰ ਤਲਬ ਹੈ ਕਿ ਲੋਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਮੇਜਰ ਲੀਗ ਕਬੱਡੀ ਦੀਆਂ ਟੀਮਾਂ ਵਿਚਕਾਰ ਮੈਚ ਕਰਵਾਏ ਜਾਣਗੇ।

ਲੜਾਈ-ਝਗੜਾ ਕਰਨ ਦੇ ਦੋਸ਼ 'ਚ 9 ਕਾਬੂ, ਦੇਸੀ ਪਿਸਤੌਲ, ਰੌਂਦ ਤੇ ਮਾਰੂ ਹਥਿਆਰ ਬ੍ਰਾਮਦ

ਫਿਲੌਰ, (ਨਿਰਮਲ)

ਸਰਵਣ ਸਿੰਘ ਬੱਲ, ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਦੀ ਅਗਵਾਈ ਹੇਠ ਥਾਣਾ ਫਿਲੌਰ ਦੇ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ, ਜਿਸ ਵਿੱਚ ਕੁੱਝ ਲੜਕੇ ਆਪਸ ਵਿੱਚ ਮਾਰੂ ਹਥਿਆਰਾਂ ਨਾਲ ਲੜਾਈ ਝਗੜਾ ਕਰ ਰਹੇ ਸਨ, ਵਿੱਚੋਂ 9 ਨੂੰ ਕਾਬੂ ਕਰਕੇ ਇੱਕ ਦੇਸੀ ਪਿਸਤੌਲ, ਰੌਂਦ ਅਤੇ ਮਾਰੂ ਹਥਿਆਰ ਬ੍ਰਾਮਦ ਕੀਤੇ ਹਨ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਇੱਕ ਵੀਡੀਓ ਜੋ ਵਾਇਰਲ ਹੁੰਦੀ ਹੋਈ ਵੱਖ-ਵੱਖ ਗਰੁੱਪਾਂ ਵਿੱਚ ਸ਼ੇਅਰ ਹੋ ਰਹੀ ਸੀ ਜਿਸ ਵਿੱਚ ਥਾਣਾ ਫਿਲੌਰ ਦੇ ਇਲਾਕੇ ਜਲੰਧਰ ਬਾਈਪਾਸ ਰੇਲਵੇ ਦੀਆਂ ਲਾਈਨਾ ਨਜਦੀਕ ਕੁੱਝ ਲੜਕੇ ਆਪਸ ਵਿੱਚ ਲੜਾਈ ਝਗੜਾ ਕਰਕੇ ਆਮ ਜਗ੍ਹਾ 'ਤੇ ਦੰਗਾ ਫਸਾਦ ਕਰਕੇ ਪਬਲਿਕ ਦੀ ਸ਼ਾਂਤੀ ਭੰਗ ਕਰ ਰਹੇ ਸਨ ਅਤੇ ਵੀਡੀਓ ਵਿੱਚ ਇੱਕ ਲੜਕੇ ਦੇ ਹੱਥ ਵਿੱਚ ਦੇਸੀ ਕੱਟਾ ਨੁਮਾ ਚੀਜ ਪਕੜੀ ਹੋਈ ਸੀ। ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਵੱਲੋਂ ਦੀ ਟੀਮ ਵੱਲੋ ਮੁਕੱਦਮਾ ਨੰਬਰ 33 ਮਿਤੀ 12.02.2025 ਅ/ਧ 194(2), 191(3), 190, 115(2), 126(2), 118(1), 109-BNS, 25-54-59 ਆਰਮਜ਼ ਐਕਟ ਥਾਣਾ ਫਿਲੌਰ ਬਰਖਿਲਾਫ ਪਵਨ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਮਹੁੱਲਾ ਸੰਤੋਖਪੁਰਾ ਥਾਣਾ ਫਿਲੌਰ, ਗੁਰਮੁੱਖ ਰਾਮ ਪੁੱਤਰ ਦੇਵ ਰਾਜ ਵਾਸੀ ਮਹੁੱਲਾ ਸੰਤੋਖਪੁਰਾ ਥਾਣਾ ਫਿਲੌਰ, ਬੰਟੀ ਪੁੱਤਰ ਅਮਰਜੀਤ ਵਾਸੀ ਮਹੁੱਲਾ ਸੰਤੋਖਪੁਰ ਥਾਣਾ ਫਿਲੌਰ, ਸਿਮਰਨਜੀਤ ਉਰਫ ਸਿੰਮਾ ਵਾਸੀ ਮਹੁੱਲਾ ਸੰਤੋਖਪੁਰਾ ਥਾਣਾ ਫਿਲੌਰ, ਅਜੈ ਪੁੱਤਰ ਸੁਕਰੀਬ ਵਾਸੀ ਪੰਜ ਢੇਰਾ ਥਾਣਾ ਫਿਲੌਰ, ਰਾਜ ਕੁਮਾਰ ਪੁੱਤਰ ਬਰਮਾ ਸਾਹਣੀ ਵਾਸੀ ਕਲਸੀ ਨਗਰ ਫਿਲੌਰ, ਸੰਦੀਪ ਗੁਪਤਾ ਪੁੱਤਰ ਲਾਲ ਬਾਬੂ ਵਾਸੀ ਪੰਜ ਢੇਰਾ ਥਾਣਾ ਫਿਲੌਰ, ਅੰਕੁਸ਼ ਪੁੱਤਰ ਰਾਮ ਕ੍ਰਿਸ਼ਨ ਵਾਸੀ ਫਿਲੌਰ, ਅਨਲਿ ਉਰਫ ਗੋਲੂ ਪੁੱਤਰ ਬ੍ਰਾਹਮਾ ਵਾਸੀ ਨੇੜੇ ਜਲੰਧਰ ਬਾਈਪਾਸ ਫਿਲੌਰ, ਅਨਰਜੀਤ ਉਰਫ ਕਾਨਵਾ ਪੁੱਤਰ ਬ੍ਰਾਹਮਾ ਨੇੜੇ ਜਲੰਧਰ ਬਾਈਪਾਸ ਫਿਲੌਰ, ਵਿਜੈ ਪੁੱਤਰ ਸੁਗਰੀਵ ਵਾਸੀ ਪੰਜ ਢੇਰਾ ਫਿਲੌਰ ਅਤੇ ਹੋਰ 10-12 ਨਾਮਲੂਮ ਵਿਆਕਤੀ ਦੇ ਦਰਜ ਕੀਤਾ ਗਿਆ ਅਤੇ ਪਵਨ ਕੁਮਾਰ, ਗੁਰਮੁੱਖ ਰਾਮ, ਬੰਟੀ, ਅਜੈ, ਰਾਜ ਕੁਮਾਰ, ਸੰਦੀਪ ਗੁਪਤਾ, ਅੰਕੁਸ਼, ਅਨਲਿ ਉਰਫ ਗੋਲੂ ਅਤੇ ਵਿਜੈ ਉਕਤਾਨ ਨੂੰ ਗ੍ਰਿਫਤਾਰ ਕਰਕੇ ਇੱਕ ਦੇਸੀ ਪਿਸਟਲ (ਦੇਸੀ ਕੱਟਾ), ਇੱਕ ਰੌਂਦ ਜਿੰਦਾ, ਇੱਕ ਚੱਲਿਆ ਹੋਇਆ ਰੌਂਦ, ਦਾਤਰ/ਡੰਡੇ ਵਗੈਰਾ ਬ੍ਰਾਮਦ ਕੀਤੇ ਗਏ।ਇਹਨਾਂ ਨੂੰ ਪੇਸ਼ ਅਦਾਲਤ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਲੁੱਟ-ਖੋਹ ਦੀਆਂ ਵਾਰਦਾਤਾਂ ਕਰਨ ਵਾਲੇ ਗਰੋਹ ਦੇ 2 ਮੈਂਬਰ ਕਾਬੂ

ਫਿਲੌਰ, (ਨਿਰਮਲ)- ਸਰਵਣ ਸਿੰਘ ਬੱਲ, ਪੀ.ਪੀ.ਐਸ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਦੀ ਅਗਵਾਈ ਹੇਠ ਥਾਣਾ ਫਿਲੌਰ ਦੇ ਇੰਸਪੈਕਟਰ ਸੰਜੀਵ ਕਪੂਰ, ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਲੁੱਟ ਖੋਹ, ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਲੁੱਟ ਖੋਹ, ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ 2 ਵਿਅਕਤੀ ਰਾਹੁਲ ਪੁੱਤਰ ਜੋਤੀ ਅਤੇ ਲਵਪ੍ਰੀਤ ਸਿੰਘ ਪੁੱਤਰ ਭਜਨ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹਨਾਂ ਪਾਸੋਂ ਖੋਹ ਕੀਤੇ ਹੋਏ ਦੋ ਮੋਬਾਇਲ ਫੋਨ, ਇੱਕ ਦਾਤਰ ਅਤੇ 900/-ਰੁਪਏ ਭਾਰਤੀ ਕਰੰਸੀ ਬ੍ਰਾਮਦ ਕੀਤੀ ਗਈ ਹੈ। ਜਿਸ ਸਬੰਧੀ ਮੁਕੱਦਮਾ ਨੰਬਰ 34 ਮਿਤੀ 12.02.2025 ਜੁਰਮ 309 (4),3(5) BNS ਥਾਣਾ ਫਿਲੌਰ ਦਰਜ ਕੀਤਾ ਗਿਆ ਹੈ ਤੇ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

ਬੱਸ ਵੱਲੋਂ ਸਾਈਡ ਮਾਰਨ 'ਤੇ ਟਰੈਕਟਰ ਚਾਲਕ ਦੀ ਮੌਤ, ਕੇਸ ਦਰਜ

ਕਾਲਾ ਸੰਘਿਆਂ (ਮਨਜੀਤ ਮਾਨ)- ਬੀਤੀ ਰਾਤ ਇਕ ਸੜਕ ਦੁਰਘਟਨਾਂ ਵਿੱਚ ਨਾ ਮਾਲੂਮ ਬੱਸ ਵੱਲੋਂ ਟਰੈਕਟਰ ਚਾਲਕ ਨੂੰ ਸਾਈਡ ਮਾਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਗਿਆ ਸੀ,ਜਿਸ ਦੀ ਬਾਅਦ ਵਿੱਚ ਮੌਤ ਹੋਂ ਗਈ । ਢਿੱਲਵਾਂ ਪੁਲਿਸ ਨੇ ਇਸ ਸਬੰਧ ਵਿੱਚ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਬਜੀਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਸਠਿਆਲਾ ਥਾਣਾ ਬਿਆਸ ਜ਼ਿਲ੍ਹਾ ਅੰਮ੍ਰਿਤਸਰ ਨੇ ਦੱਸਿਆ ਕਿ ਬੀਤੀ 10 ਫਰਵਰੀ ਨੂੰ ਰਜ਼ਜਾਨਾ ਦੀ ਤਰ੍ਹਾਂ ਉਸ ਦਾ ਪਤੀ ਸਵੇਰੇ ਆਪਣੇ ਕੰਮ 'ਤੇ ਗਿਆ ਸੀ ਤੇ ਰਾਤ ਕਰੀਬ 10 ਵਜੇ ਕਿਸੇ ਵਿਅਕਤੀ ਦਾ ਫੋਨ ਆਇਆ ਕਿ ਕੁਲਦੀਪ ਸਿੰਘ ਦੇ ਟਰੈਕਟਰ ਟਰਾਲੀ ਨੂੰ ਪਿੰਡ ਢਿੱਲਵਾਂ ਰੇਲਵੇ ਕਰਾਸਿੰਗ ਪੁਲ 'ਤੇ ਕਿਸੇ ਨਾ ਬੱਸ ਨੇ ਸਾਈਡ ਮਾਰ ਦਿਤੀ ਹੈ, ਜਿਸ ਕਾਰਨ ਕੁਲਦੀਪ ਸਿੰਘ ਦੇ ਸੱਟਾਂ ਲੱਗੀਆ ਹਨ ਤੇ ਅਸੀ ਉਸ ਨੂੰ ਇਲਾਜ ਲਈ ਲੈ ਕੇ ਜਾ ਰਹੇ ਹਾਂ। ਜਦੋਂ ਅਸੀਂ ਸਿਵਲ ਹਸਪਤਾਲ ਕਪੂਰਥਲਾ ਪੂਜੇ ਤਾਂ ਪਤਾ ਚੱਲਿਆ ਕਿ ਮੇਰੇ ਪਤੀ ਕੁਲਦੀਪ ਸਿੰਘ ਨੂੰ ਡਾਕਟਰਾਂ ਨੇ ਮ੍ਰਿਤਕ ਕਰਾਰ ਦਿੱਤਾ ਹੈ। ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਭਾਜਪਾ 2027 'ਚ ਪੰਜਾਬ 'ਚ ਵੀ ਬਣਾਏਗੀ ਸਰਕਾਰ : ਜਾਜਾ, ਮਿਨਹਾਸ

ਟਾਂਡਾ ਉੜਮੁੜ (ਜਸਵਿੰਦਰ ਸੰਧੂ)

ਭਾਜਪਾ ਦੇ ਸੰਗਠਨਾਤਮਕ ਚੋਣਾਂ ਦੇ ਮੱਦੇਨਜ਼ਰ ਟਾਂਡਾ ਸ਼ਹਿਰੀ ਦੀ ਇੱਕ ਵਰਕਸ਼ਾਪ ਮੀਟਿੰਗ ਸ਼ਾਲੂ ਜ਼ਹੂਰਾ ਦੀ ਅਗਵਾਈ 'ਚ ਪਾਰਟੀ ਦੇ ਦਾਰਾਪੁਰ ਦਫ਼ਤਰ ਟਾਂਡਾ ਵਿਖੇ ਹੋਈ, ਜਿਸ ਵਿੱਚ ਪ੍ਰਦੇਸ਼ ਕਾਰਜਕਾਰਣੀ ਮੈਂਬਰ ਭਾਜਪਾ ਅਤੇ ਮੰਡਲ ਇੰਚਾਰਜ ਟਾਂਡਾ ਸੰਜੀਵ ਮਿਨਹਾਸ ਅਤੇ ਪ੍ਰਦੇਸ਼ ਕਾਰਜਕਾਰਣੀ ਮੈਂਬਰ ਭਾਜਪਾ ਸੁਰਿੰਦਰ ਜਾਜਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਪਾਰਟੀ ਦੇ ਸੰਗਠਨਾਤਮਕ ਚੋਣਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ ਅਤੇ ਇਕੱਤਰ ਸਾਥੀਆਂ ਨੂੰ ਪਿੰਡ-ਪਿੰਡ, ਮੁਹੱਲਾ, ਗਲੀਆਂ ਵਿੱਚ ਜਾ ਕੇ ਕੇਂਦਰ ਸਰਕਾਰ ਦੀ ਨੀਤੀਆਂ ਨੂੰ ਲੋਕਾਂ ਵਿੱਚ ਲੈ ਕੇ ਜਾਣ ਲਈ ਪ੍ਰੇਰਿਤ ਕੀਤਾ ਅਤੇ ਬੂਥ ਕਮੇਟੀਆਂ ਗਠਿਤ ਕਰਨ ਲਈ ਕਿਹਾ ਗਿਆ। ਇਸ ਮੌਕੇ ਬੌਬੀ ਰਾਜਪੁਰ, ਕੈਪਟਨ ਕਰਨ ਸਿੰਘ, ਵੀਨੂੰ ਪੰਡਿਤ, ਅਸ਼ਵਨੀ ਕੁਮਾਰ, ਰਵਿੰਦਰ ਕੁਮਾਰ, ਦੀਪਕ ਕੁਮਾਰ, ਅਸ਼ਵਨੀ ਜੈਨ, ਹਰਭਜਨ ਸਿੰਘ ਸੈਣੀ, ਸੰਦੀਪ ਖੰਨਾ,ਅਮਿਤ ਜੈਨ, ਕਮਲ ਜੈਨ, ਵਿੱਕੀ ਮਦਾਨ,ਰਮੇਸ਼ ਚੰਦਰ, ਵਿਨੈ ਵਰਮਾ, ਦਰਸ਼ਨ ਸਿੰਘ, ਸੋਨੂ, ਸ਼ੁੱਭ ਕੁਮਾਰ ਆਦਿ ਮੌਜੂਦ ਸਨ।

ਸਰਕਾਰ ਕੱਚੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਤੋਂ ਵੀ ਅਸਮਰੱਥ : ਗਿੱਲ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਰੋਡਵੇਜ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਰਜਿ: 25/11 ਵਲੋਂ ਸਾਂਝੇ ਤੌਰ 'ਤੇ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਦੱਸਿਆ ਕਿ ਸਰਕਾਰ ਵਲੋਂ ਫ੍ਰੀ ਦੇ ਨਾਂਅ 'ਤੇ ਵਾਹ-ਵਾਹ ਤਾਂ ਖੱਟੀ ਜਾ ਰਹੀ ਹੈ, ਪਰ ਜਿੰਨ੍ਹਾਂ ਵਿਭਾਗਾਂ ਵਲੋਂ ਫ੍ਰੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਹਨਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੱਕ ਨਹੀਂ ਦਿੱਤੀਆਂ ਜਾ ਰਹੀਆਂ। ਟਰਾਂਸਪੋਰਟ ਵਿਭਾਗ ਵਿੱਚ ਬੱਸਾਂ ਨਵੀਆਂ ਨਹੀਂ ਪਾਈਆਂ ਗਈਆਂ, ਟਾਇਰਾਂ ਤੋਂ ਬੱਸਾਂ ਖੜੀਆਂ ਹਨ, ਸਪੇਅਰ ਪਾਰਟ ਤੋਂ ਬੱਸਾਂ ਖੜੀਆਂ ਹਨ, ਟਿਕਟਾਂ ਕੱਟਣ ਵਾਲੀਆਂ ਮਸ਼ੀਨਾਂ ਤੱਕ ਪਨਬੱਸ ਕੋਲ ਨਹੀਂ ਹਨ, ਅਜਿਹੀ ਸਥਿਤੀ ਵਿੱਚ ਸਰਕਾਰ ਆਪਣੇ ਝੂਠ ਦੇ ਸਿਰ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ 'ਤੇ ਲੱਗੀ ਹੈ। ਕੱਚੇ ਮੁਲਾਜ਼ਮਾਂ ਨੂੰ ਹੁਣ ਤੱਕ ਤਨਖਾਹਾਂ ਨਹੀਂ ਦਿੱਤੀਆਂ ਗਈਆਂ। ਆਮ ਆਦਮੀ ਪਾਰਟੀ ਦੀ ਸਰਕਾਰ ਟਰਾਂਸਪੋਰਟ ਵਿਭਾਗ ਵਿੱਚ ਤਨਖਾਹਾਂ ਦੇਣ ਤੋਂ ਵੀ ਅਸਮਰੱਥ ਹੋ ਚੁੱਕੀ ਹੈ।ਸੂਬਾ ਜਨਰਲ ਸਕੱਤਰ ਸਮਸ਼ੇਰ ਸਿੰਘ ਢਿੱਲੋ ਨੇ ਦੱਸਿਆ ਕਿ ਤਨਖਾਹਾਂ ਲੈਣ ਲਈ ਵੀ ਹੁਣ ਮੁਲਾਜ਼ਮਾਂ ਨੂੰ ਸੰਘਰਸ਼ ਕਰਨੇ ਪੈ ਰਹੇ ਹਨ। ਉਹਨਾਂ ਯੂਨੀਅਨ ਵਲੋਂ ਚਿਤਾਵਨੀ ਦਿੰਦਿਆਂ ਦੱਸਿਆ ਕਿ ਜੇਕਰ ਸਰਕਾਰ ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੁਰੰਤ ਰਿਲੀਜ਼ ਕਰਨ ਸਮੇਤ ਸਾਰੇ ਮਸਲਿਆਂ ਦਾ ਹੱਲ ਨਹੀਂ ਕਰਦੀ ਤਾਂ 17 ਫਰਵਰੀ ਨੂੰ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕਰਕੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਬਾਅਦ ਬੱਸ ਸਟੈਂਡ ਬੰਦ ਸਮੇਤ ਬੱਸਾਂ ਸੜਕਾਂ 'ਤੇ ਖੜ੍ਹੀਆਂ ਕਰਨ ਲਈ ਮੁਲਾਜ਼ਮ ਮਜ਼ਬੂਰ ਹੋਣਗੇ।

ਢਾਹਾਂ ਕਲੇਰਾਂ ਹਸਪਤਾਲ ਦੇ ਡਾ. ਵਿਵੇਕ ਗੁੰਬਰ ਨੇ 35 ਸਾਲਾ ਨੌਜਵਾਨ ਦੀ ਜਾਨ ਬਚਾਈ

ਬੰਗਾ (ਅਵਤਾਰ ਕਲੇਰ)

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਕਲ ਵਿਭਾਗ ਦੇ ਮੁੱਖੀ ਡਾ. ਵਿਵੇਕ ਗੁੰਬਰ ਨੇ ਫੇਫੜਿਆਂ ਦੀ ਗੰਭੀਰ ਬਿਮਾਰੀ ਪਲਮੋਨਿਰੀ ਐਂਬੋਲਿਜ਼ਮ ਅਤੇ ਸਰੀਰ ਅੰਦਰ ਰਬਨਡਾਈਆਕਸਾਈਡ ਗੈਸ ਦੀ ਨਿਯਤ ਮਾਤਰਾ ਤੋਂ ਜ਼ਿਆਦਾ ਵਧਣ ਕਰਕੇ ਦਿਲ ਦੀ ਕਾਰਜ ਪ੍ਰਣਾਲੀ 'ਤੇ ਪਏ ਬੁਰੇ ਪ੍ਰਭਾਵਾਂ ਕਰਕੇ ਮੌਤ ਨਾਲ ਜੂਝ ਰਹੇ 35 ਸਾਲ ਦੇ ਬਲਜਿੰਦਰ ਸਿੰਘ ਦੀ ਜਾਨ ਨੌਂ ਦਿਨ ਆਈ ਸੀ ਯੂ ਅਤੇ ਤਿੰਨ ਦਿਨ ਐਚ ਡੀ ਯੂ ਵਾਰਡ ਵਿੱਚ ਰੱਖ ਕੇ ਵੈਂਟੀਲੇਟਰ

15-Feb-PAGE-9.qxd 2/14/2025 9:01 PM Page 1

521 ਨਸ਼ੀਲੀਆਂ ਗੋਲੀਆਂ ਸਮੇਤ ਤਿੰਨ ਕਾਬੂ

ਜਲੰਧਰ, (ਸੁਰਿੰਦਰ ਕੁਮਾਰ) -ਦਿਹਾਤੀ ਪੁਲਸ ਨੇ 24 ਘੰਟਿਆਂ ਦੇ ਅੰਦਰ ਦੋ ਵੱਖ-ਵੱਖ ਮਾਮਲਿਆਂ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 521 ਨਸ਼ੀਲੀਆਂ ਗੋਲੀਆਂ ਜ਼ਬਤ ਕੀਤੀਆਂ ਹਨ ਤੇ ਅਪਰਾਧ ਵਿੱਚ ਵਰਤੇ ਗਏ ਦੋ ਵਾਹਨਾਂ ਨੂੰ ਵੀ ਜ਼ਬਤ ਕਰ ਲਿਆ ਹੈ।

ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਪਹਿਲੀ ਸਫਲਤਾ ਉਦੋਂ ਮਿਲੀ ਜਦੋਂ ਮਕਸੂਦਾਂ ਪੁਲਸ ਸਟੇਸ਼ਨ ਦੀ ਇੱਕ ਵਿਸ਼ੇਸ਼ ਟੀਮ ਨੇ ਰਾਏਪੁਰ ਰਸੂਲਪੁਰ ਨਹਿਰ ਨੇੜੇ ਇੱਕ ਸਵਿਫਟ ਡਿਜ਼ਾਇਰ ਕਾਰ (ਜੇਕੇ-02-ਬੀਐਲ-3289) ਨੂੰ ਰੋਕਿਆ ਤੇ ਹਰਗੋਬਿੰਦ ਨਗਰ ਦੇ ਜਸਵੀਰ ਸਿੰਘ ਅਤੇ ਕਾਹਨਪੁਰ ਦੇ ਲਖਵੀਰ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ। ਇਹਨਾਂ ਦੇ ਕਬਜ਼ੇ ਵਿੱਚੋਂ 250 ਸੈਂਤਰੀ ਰੰਗ ਦੀਆਂ ਨਸ਼ੀਲੀਆਂ ਗੋਲੀਆਂ ਵੀ ਬਰਾਮਦ ਕੀਤੀਆਂ ਗਈਆਂ।

ਇੱਕ ਹੋਰ ਕਾਰਵਾਈ 'ਚ ਸਦਰ ਨਕੋਦਰ ਪੁਲਸ ਟੀਮ ਨੇ ਬੋਪਾਰਾਏ ਕਲਾਂ ਪਿੰਡ ਨੇੜੇ ਸ਼ਰਕਪੁਰ ਦੇ ਵਿਕਰਮਜੋਤ ਸਿੰਘ ਉਰਫ਼ ਬਿੱਕਾ ਨੂੰ ਕਾਬੂ ਕੀਤਾ।ਇਹ ਵਿਅਕਤੀ, ਜੋ ਇੱਕ ਕਾਲੇ ਐਫਜ਼ੈਡ ਮੋਟਰਸਾਈਕਲ (ਪੀਬੀ-10-ਡੀਸੀ-6075) 'ਤੇ ਸਵਾਰ ਸੀ, ਨੂੰ 271 ਨਸ਼ੀਲੀਆਂ ਗੋਲੀਆਂ ਸਮੇਤ ਫੜਿਆ ਗਿਆ।ਸਬੰਧਤ ਥਾਣਿਆਂ ਵਿੱਚ ਐਨਡੀਪੀਐਸ ਐਕਟ ਦੀ ਧਾਰਾ 22-61-85 ਤਹਿਤ ਕੇਸ ਦਰਜ ਕਰ ਲਏ ਗਏ ਹਨ।

ਆਈ ਟੀ ਆਈ ਇੰਸਟਰਕਟਰਾਂ ਵੱਲੋਂ ਕੀਤਾ ਜਾਵੇਗਾ ਸੀ ਐੱਮ ਦੇ ਹਲਕੇ 'ਚ ਰੋਸ ਪ੍ਰਦਰਸ਼ਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਡੀ ਐਸ ਟੀ /ਸੀ ਟੀ ਐਸ ਕੰਟਰੈਕਟ ਇੰਸਟਰਕਟਰ ਯੂਨੀਅਨ ਦੇ ਮੈਂਬਰਾਂ ਨੇ ਦੱਸਿਆ ਕਿ ਅਸੀਂ ਪੰਜਾਬ ਦੀਆਂ ਸਰਕਾਰੀ ਆਈਟੀਆਈ ਵਿੱਚ ਬਤੌਰ ਕੱਚੇ ਇੰਸਟਰਕਟਰ ਵਜੋਂ ਕਾਫੀ ਲੰਬੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਹਾਂ। ਸਾਡੀਆਂ ਮੰਗਾਂ ਜੋ ਕਿ ਕਾਫੀ ਸਮੇਂ ਤੋਂ ਪੰਜਾਬ ਸਰਕਾਰ ਅਤੇ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਅਣਗੌਲਿਆਂ ਕੀਤੀਆਂ ਜਾ ਰਹੀਆਂ ਹਨ।

ਸਾਡੀਆਂ ਮੀਟਿੰਗਾਂ ਕਈ ਵਾਰ ਮੁੱਖ ਮੰਤਰੀ, ਤਕਨੀਕੀ ਸਿੱਖਿਆ ਮੰਤਰੀ ਅਤੇ ਹੋਰਾਂ ਮੰਤਰੀਆਂ ਨਾਲ ਵੀ ਹੋਈਆਂ ਹਨ। ਸੇਵਾਵਾਂ ਦਿੰਦੇ ਹੋਏ ਸਾਡੇ ਅੱਧ ਤੋਂ ਵੱਧ ਮੈਂਬਰ ਓਵਰੇਜ ਵੀ ਹੋ ਚੁੱਕੇ ਹਨ ਪਰ ਪੰਜਾਬ ਸਰਕਾਰ ਦੇ ਵਾਅਦੇ ਖੋਖਲੇ ਹੀ ਨਿਕਲੇ ਕਿਉਂਕਿ ਹੁਣ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਈ ਸਾਡੇ ਲੰਮੇ ਸਮੇਂ ਤੋਂ ਕੰਮ ਕਰਦੇ ਯੋਗ ਇੰਸਟਰਕਟਰਾਂ ਨੂੰ ਸਰਪਲੱਸ ਕਰਦੇ ਹੋਏ ਘਰ ਤੋਰ ਦਿੱਤਾ ਗਿਆ ਹੈ।

ਯੂਨੀਅਨ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਅਜਿਹੀ ਸਰਕਾਰ ਅਤੇ ਤਕਨੀਕੀ ਸਿੱਖਿਆ ਵਿਭਾਗ ਦੀ ਹਰਕਤ ਨੂੰ ਬਿਲਕੁਲ ਵੀ ਸਹਿਣ ਨਹੀਂ ਕੀਤਾ ਜਾਵੇਗਾ।ਆਉਣ ਵਾਲੇ ਦਿਨਾਂ ਵਿੱਚ ਯੂਨੀਅਨ ਵੱਲੋਂ ਮੁੱਖ ਮੰਤਰੀ ਦੇ ਹਲਕੇ ਵਿੱਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੱਕੇ ਧਰਨੇ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਯੂਨੀਅਨ ਦੇ ਕਿਰਨਦੀਪ ਸਿੰਘ, ਸ਼ਮਸ਼ੇਰ ਸਿੰਘ, ਅੰਗਰੇਜ ਸਿੰਘ, ਸਿਮਰਨਜੀਤ ਸਿੰਘ, ਹਰਮਨ ਸਿੰਘ ਗੱਜਣਵਾਲਾ, ਪ੍ਰਦੀਪ ਸਿੰਘ, ਕੁਲਦੀਪ ਸਿੰਘ ਮੋਗਾ , ਪ੍ਰਦੀਪ ਸਿੰਘ ਧੂੜਕੋਟ ਆਦਿ ਹਾਜਰ ਸਨ।

ਸਿਹਤ ਮੰਤਰੀ ਨੇ ਕ੍ਰਿਟੀਕਲ ਕੇਅਰ ਯੂਨਿਟ ਤੇ ਇੰਟੀਗ੍ਰੇਟਿਡ ਪਬਲਿਕ ਹੈਲਥ ਲੈਬ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ

ਨਵਾਂਸ਼ਹਿਰ,(ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ) - ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਉਸਾਰੀ ਅਧੀਨ ਕ੍ਰਿਟੀਕਲ ਕੇਅਰ ਯੂਨਿਟ ਅਤੇ ਇੰਟੀਗ੍ਰੇਟਿਡ ਪਬਲਿਕ ਹੈਲਥ ਲੈਬ (ਆਈ.ਪੀ.ਐੱਚ.ਐੱਲ) ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ।ਉਨ੍ਹਾਂ ਜ਼ਿਲ੍ਹੇ ਵਿਚ ਪ੍ਰਸਤਾਵਿਤ ਮੈਡੀਕਲ ਕਾਲਜ ਲਈ ਦਿੱਤੀ ਗਈ ਜ਼ਮੀਨ ਨੂੰ ਵੀ ਦੇਖਿਆ।ਇਸ ਮੌਕੇ ਉਨ੍ਹਾਂ ਨਾਲ ਕਾਰਜਕਾਰੀ ਸਿਵਲ ਸਰਜਨ ਡਾ. ਮਨਦੀਪ ਕਮਲ ਅਤੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਸਮੇਤ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਪ੍ਰਤੀਨਿਧੀ ਮੌਜੂਦ ਸਨ।ਮੰਤਰੀ ਨੇ ਉਸਾਰੀ ਅਧੀਨ ਕ੍ਰਿਟੀਕਲ ਕੇਅਰ ਯੂਨਿਟ ਅਤੇ ਇੰਟੀਗ੍ਰੇਟਿਡ ਪਬਲਿਕ ਹੈਲਥ ਲੈਬ (ਆਈ.ਪੀ.ਐੱਚ.ਐੱਲ) ਦਾ ਨਿਰੀਖਣ ਕਰਨ ਮੌਕੇ ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਸਾਰੀ ਅਧੀਨ ਇਹ ਪ੍ਰੋਜੈਕਟ ਜਲਦੀ ਮੁਕੰਮਲ ਕੀਤੇ ਜਾਣ ਤਾਂ ਜੋ ਆਮ ਲੋਕਾਂ ਨੂੰ ਹੋਰ ਮਿਆਰੀ ਸਿਹਤ ਸੇਵਾਵਾਂ ਮਿਲਣੀਆਂ ਸ਼ੁਰੂ ਹੋਣ। ਉਨ੍ਹਾਂ ਦੱਸਿਆ ਕਿ ਕ੍ਰਿਟੀਕਲ ਕੇਅਰ ਯੂਨਿਟ ਸੂਬੇ ਭਰ ਵਿੱਚ ਬਣਾਏ ਜਾ ਰਹੇ ਹਨ ਜੋ ਕਿ ਆਮ ਲੋਕਾਂ ਲਈ ਵਰਦਾਨ ਸਾਬਿਤ ਹੋਣਗੇ, ਕਿਉਂਕਿ ਇਨ੍ਹਾਂ ਰਾਹੀਂ ਮੌਕੇ ਗੰਭੀਰ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਇਨ੍ਹਾਂ ਯੂਨਿਟਾਂ ਵਿੱਚ ਗੰਭੀਰ ਮਰੀਜ਼ਾਂ ਲਈ ਅਤਿ-ਆਧੁਨਿਕ ਸਿਹਤ ਸਹੂਲਤਾਂ ਮਿਲਣਗੀਆਂ। ਇਹ ਕ੍ਰਿਟੀਕਲ ਕੇਅਰ ਯੂਨਿਟ ਐਡਵਾਂਸ ਮੈਡੀਕਲ ਸੇਵਾਵਾਂ ਦੀ ਲੋੜ ਵਾਲੇ ਗੰਭੀਰ ਮਰੀਜ਼ਾਂ ਦੀ ਜ਼ਰੂਰਤ ਨੂੰ ਪੂਰਾ ਕਰਨਗੇ।ਉਨ੍ਹਾਂ ਅੱਗੇ ਦੱਸਿਆ ਕਿ ਨਵੇਂ ਕ੍ਰਿਟੀਕਲ ਕੇਅਰ ਯੂਨਿਟਾਂ ਦੇ ਤਿਆਰ ਹੋਣ ਤੋਂ ਬਾਅਦ ਸੜਕ ਹਾਦਸਿਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਦੀ ਸਥਿਤੀ ਵਿਚ ਗੰਭੀਰ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਆਮ ਲੋਕਾਂ ਨੂੰ ਬਿਹਤਰ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਵਿਧਾਇਕ ਨੇ ਸੁਣੀਆਂ ਹਲਕਾ ਵਾਸੀਆਂ ਦੀਆਂ ਸਮੱਸਿਆਵਾਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਹਲਕਾ ਵਾਸੀਆਂ ਦੀਆਂ ਸਮੱਸਿਆਵਾਂ ਦਾ ਹਾਲ ਕਰਨਾ ਹਮੇਸ਼ਾ ਮੇਰੀ ਪਹਿਲ 'ਤੇ ਹੈ। ਇਹ ਵਿਚਾਰ ਡਾ. ਇਸ਼ਾਂਕ ਕੁਮਾਰ ਵਿਧਾਇਕ ਚੱਬੇਵਾਲ ਨੇ ਆਪਣੇ ਹਲਕਾ ਵਾਸੀਆਂ ਨਾਲ ਸਾਂਝੇ ਕੀਤੇ, ਜਿਸ ਸਮੇਂ ਉਹ ਆਪਣੇ ਨਿਵਾਸ ਅਸਥਾਨ 'ਤੇ ਆਪਣੇ ਹਲਕਾ ਵਾਸੀਆਂ ਦੇ ਰੂਬਰੂ ਸਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਸੁਣ ਰਹੇ ਸਨ । ਚੱਬੇਵਾਲ ਨਿਵਾਸੀਆਂ ਦੁਆਰਾ ਆਪਣੇ ਛੋਟੇ-ਵੱਡੇ ਕੰਮਾਂ ਲਈ ਡਾ. ਇਸ਼ਾਂਕ ਨੂੰ ਪਹੁੰਚ ਕੀਤੀ ਗਈ ਜਿਸ ਦੇ ਲਈ ਉਹਨਾਂ ਨੇ ਉਸੀ ਸਮੇਂ ਸਬੰਧਿਤ ਅਧਿਕਾਰੀਆਂ ਨੂੰ ਇਹਨਾਂ ਸਮੱਸਿਆਵਾਂ ਦੇ ਨਿਪਟਾਰੇ ਲਈ ਨਿਰਦੇਸ਼ ਦਿੱਤੇ।

ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਚਲਾਈ

ਟਾਂਡਾ ਉੜਮੁੜ (ਜਸਵਿੰਦਰ ਸੰਧੂ)- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਅਤੇ ਐਸ.ਡੀ.ਐਮ ਟਾਂਡਾ ਪੰਕਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ: ਪਵਨ ਕੁਮਾਰ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ 'ਮਿਸ਼ਨ ਸਮਾਈਲ' ਤਹਿਤ ਸਰਕਾਰੀ ਹਸਪਤਾਲ ਟਾਂਡਾ ਦੀ ਨਸ਼ਾ ਛੁਡਾਊ ਟੀਮ ਵੱਲੋਂ ਐਸ.ਡੀ.ਐਮ ਦਫਤਰ ਟਾਂਡਾ ਵਿਖੇ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੌਕੇ ਕੌਂਸਲਰ ਸਰਿਤਾ ਅਤੇ ਤਜਿੰਦਰ ਜੱਸੀ ਵੱਲੋਂ ਲੋਕਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਿਆਂ ਤੋਂ ਪ੍ਰਭਾਵਿਤ ਵਿਅਕਤੀ ਨੂੰ ਅਪਣੱਤ ਵਾਲੇ ਰਵੱਈਏ ਦੀ ਲੋੜ ਹੁੰਦੀ ਹੈ। ਇਸ ਮੌਕੇ ਉਹਨਾਂ ਤੋਂ ਇਲਾਵਾ ਡਾ: ਕਰਨ ਸਿੰਘ, ਡਾ: ਕਰਤਾਰ ਸਿੰਘ, ਡਾ: ਸ਼ਗੁਨ ਆਦਿ ਹਾਜਰ ਸਨ।

ਬਡਾਲਾ ਪੱਕਾ 'ਚ ਹੋਈ ਚੋਰੀ

ਅੱਡਾ ਸਰਾਂ (ਕਾਜਲ)-ਪਿੰਡ ਬਡਾਲਾ ਪੱਕਾ ਵਿਖੇ ਦਿਨ ਦਿਹਾੜੇ ਟੀਚਰ ਜੋੜੇ ਦੇ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਲਈ ਗਈ । ਰਵਿੰਦਰ ਕੁਮਾਰ ਪੁੱਤਰ ਮਨੋਹਰ ਲਾਲ ਨੇ ਦੱਸਿਆ ਕਿ ਉਹ ਅਤੇ ਉਸਦੀ ਪਤਨੀ ਆਪੋ ਆਪਣੇ ਸਕੂਲ ਵਿਚ ਡਿਊਟੀ 'ਤੇ ਗਏ ਹੋਏ ਸਨ । ਘਰ ਵਿਚ ਮੌਜੂਦ ਉਨ੍ਹਾਂ ਦੇ ਮਾਤਾ ਜੀ ਪਿੰਡ ਵਿਚ ਹੀ ਕਿਸੇ ਦੇ ਘਰ ਸਵੇਰੇ ਅਫਸੋਸ ਕਰਨ ਕਰਨ ਗਏ ਸਨ । ਜਦੋਂ ਉਹ ਘਰ ਪਰਤੇ ਤਾਂ ਚੋਰੀ ਹੋ ਚੁੱਕੀ ਸੀ । ਘਰ ਵਿੱਚੋਂ ਲਗਭਗ 6 ਤੋਲੇ ਸੋਨੇ ਦੇ ਗਹਿਣੇ ਅਤੇ ਲਗਭਗ 80 ਹਜ਼ਾਰ ਰੁਪਏ ਚੋਰੀ ਹੋਏ ਹਨ । ਇਸ ਬਾਰੇ ਉਨ੍ਹਾਂ ਪੁਲਸ ਨੂੰ ਸੂਚਨਾ ਦੇ ਦਿੱਤੀ ਹੈ।

ਅੱਗ ਲੱਗਣ 'ਤੇ ਮੁੱਖ ਇੰਜੀਨੀਅਰ ਮੁਅੱਤਲ

ਚੰਡੀਗੜ੍ਹ (ਕ੍ਰਿਸ਼ਨ ਗਰਗ)—ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਦੀ ਸਿਫਾਰਿਸ਼ 'ਤੇ ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਲਿਮੀਟੇਡ ਦੇ ਮੁੱਖ ਇੰਜੀਨੀਅਰ/ਟੀਐਸ, ਐਚਬੀਪੀਐਨਐਲ, ਹਿਸਾਰ ਅਨਿਲ ਕੁਮਾਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।ਵਿਜ ਨੇ ਦਸਿਆ ਕਿ 9 ਫਰਵਰੀ, ਨੂੰ ਗੁਰੂਗ੍ਰਾਮ ਦੇ ਸੈਕਟਰ-107 ਦੇ 220 ਕੇਵੀ ਸਬ-ਸਟੇਸ਼ਨ ਦੇ 33 ਕੇਵੀ ਜੀਆਈਐਸ ਵਿਚ ਅੱਗ ਲੱਗਣ ਦੀ ਘਟਨਾ ਦੀ ਰਿਪੋਰਟ ਪ੍ਰਾਪਤ ਹੋਈ ਸੀ। ਉਨ੍ਹਾਂ ਨੇ ਦਸਿਆ ਕਿ ਇਸ ਘਟਨਾ ਦੇ ਕਾਰਨ ਗੁਰੂਗ੍ਰਾਮ ਦੀ ਲਗਭਗ 22 ਸੋਸਾਇਟੀਆਂ ਤੇ ਹੋਰ ਖੇਤਰਾਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਸੀ।

ਘਰੇਲੂ ਬਗੀਚੀਆਂ ਲਈ ਤਿਆਰ ਹੋਣਗੀਆਂ 35000 ਸਬਜ਼ੀ ਬੀਜ ਕਿੱਟਾਂ : ਸ਼ੈਲਿੰਦਰ ਕੌਰ

ਜਲੰਧਰ (ਸੁਰਿੰਦਰ ਕੁਮਾਰ) ਡਾਇਰੈਕਟਰ ਬਾਗਬਾਨੀ ਪੰਜਾਬ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਲੋਕਾਂ ਨੂੰ ਘਰਾਂ ਵਿੱਚ ਘਰੇਲੂ ਬਗੀਚੀਆਂ ਤਿਆਰ ਕਰਨ ਲਈ ਉਤਸ਼ਾਹਿਤ ਕਰਨ ਲਈ ਮਹੀਨਾ ਫਰਵਰੀ ਤੇ ਮਾਰਚ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ 35000 ਸਬਜ਼ੀ ਬੀਜ ਕਿੱਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਕਿੱਟਾਂ ਤਿਆਰ ਕਰਨ ਲਈ ਜ਼ਿਲ੍ਹਾ ਜਲੰਧਰ ਨੂੰ ਨੋਡਲ ਏਜੰਸੀ ਵਜੋਂ ਨਿਯੁਕਤ ਕੀਤਾ ਗਿਆ ਹੈ।ਡਾਇਰੈਕਟਰ ਬਾਗਬਾਨੀ ਨੇ ਸਬਜ਼ੀ ਬੀਜ ਕਿੱਟਾਂ ਰਿਲੀਜ਼ ਕਰਨ ਦੌਰਾਨ ਦੱਸਿਆ ਕਿ ਇਸ ਕਿੱਟ ਵਿੱਚ ਵੱਖ-ਵੱਖ ਕਿਸਮਾਂ ਦੇ ਸਬਜ਼ੀ ਬੀਜ ਜਿਹਨਾਂ ਵਿੱਚ ਭਿੰਡੀ, ਘੀਆ ਕੱਦੂ, ਖੀਰਾ, ਚੱਪਣ ਕੱਦੂ, ਘੀਆ ਤੋਰੀ, ਕਾਉਪੀਜ (ਲੋਬੀਆ). ਟੀਂਡਾ, ਹਲਵਾ ਕੱਦੂ, ਤਰ, ਕਰੇਲਾ ਆਦਿ ਸ਼ਾਮਿਲ ਹਨ।ਉਨ੍ਹਾਂ ਕਿਹਾ ਕਿ ਇਹਨਾਂ ਦੀ ਮਹੀਨਾ ਫਰਵਰੀ-ਮਾਰਚ ਦੌਰਾਨ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸੰਤੁਲਿਤ ਖੁਰਾਕ ਵਿੱਚ ਸਬਜ਼ੀਆਂ ਦਾ ਖਾਸ ਮਹੱਤਵ ਹੈ ਤੇ ਘਰ ਦੀ ਲੋੜ ਅਨੁਸਾਰ ਘਰ ਵਿੱਚ ਹੀ ਘਰੇਲੂ ਬਗੀਚੀ ਤਹਿਤ ਸਬਜ਼ੀਆਂ ਦੀ ਦਵਾਈਆਂ ਰਹਿਤ ਕਾਸ਼ਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਆਮਦਨ ਵਿੱਚ ਵਾਧਾ ਹੋਵੇਗਾ ਉਥੇ ਹੀ ਸ਼ੁੱਧ ਅਤੇ ਤਾਜ਼ੀ ਸਬਜ਼ੀਆਂ ਦੀ ਵਰਤੋਂ ਕਰਨ ਨਾਲ ਸਿਹਤ ਤੰਦਰੁਸਤ ਰੱਖੀ ਜਾ ਸਕਦੀ ਹੈ।ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਘਰਾਂ ਵਿੱਚ ਘਰੇਲੂ ਬਗੀਚੀਆਂ ਤਿਆਰ ਕਰਨ ਲਈ ਬਾਗਬਾਨੀ ਵਿਭਾਗ ਵਲੋਂ ਤਿਆਰ ਕੀਤੀਆਂ ਸਬਜ਼ੀ ਬੀਜ ਕਿਟਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਡਿਪਟੀ ਡਾਇਰੈਕਟਰ ਬਾਗਬਾਨੀ, ਜਲੰਧਰ ਡਾ. ਨਰਿੰਦਰ ਪਾਲ ਕਲਸੀ ਨੇ ਦੱਸਿਆ ਕਿ ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ਨ ਹੈਦਰਾਬਾਦ ਅਨੁਸਾਰ ਸੰਤੁਲਿਤ ਖੁਰਾਕ ਵਿੱਚ ਹਰ ਵਿਅਕਤੀ ਨੂੰ ਪ੍ਰਤੀ ਦਿਨ 300 ਗ੍ਰਾਮ ਸਬਜ਼ੀਆਂ ਅਤੇ 100 ਗ੍ਰਾਮ ਫਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇੱਕ ਸਬਜ਼ੀ ਬੀਜ ਕਿੱਟ ਦੀ ਕੀਮਤ 80/- ਰੁਪਏ ਹੈ ਤੇ ਇਹ ਸਬਜ਼ੀ ਬੀਜ ਕਿੱਟਾਂ ਬਾਗਬਾਨੀ ਵਿਭਾਗ ਦੇ ਸਾਰੇ ਜ਼ਿਲ੍ਹਿਆਂ ਦੇ ਮੁੱਖ ਦਫਤਰ ਜਾ ਬਲਾਕਾਂ ਦੇ ਦਫਤਰਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਸਮੇਂ ਡਾ. ਹਰਮੇਲ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਐਸ.ਏ.ਐਸ. ਨਗਰ (ਮੋਹਾਲੀ), ਡਾ. ਦਲਜੀਤ ਸਿੰਘ ਗਿੱਲ, ਸਹਾਇਕ ਡਾਇਰੈਕਟਰ ਬਾਗਬਾਨੀ (ਖੂੰਬ) ਅਤੇ ਡਾ. ਬਲਵਿੰਦਰ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ (ਹੁਸ਼ਿਆਰਪੁਰ) ਹਾਜਰ ਸਨ।

ਭਾਰਤੀ ਰਾਜਨੀਤੀ 'ਚ ਔਰਤਾਂ ਦੀ ਭੂਮਿਕਾ ਤੇ ਯੋਗਦਾਨ ਬਾਰੇ ਕੀਤਾ ਵਿਚਾਰ-ਵਟਾਂਦਰਾ

ਬਲਾਚੌਰ ਫਰਵਰੀ (ਜਸਵਿੰਦਰ ਬੈਂਸ)—ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜ ਵਿੱਚ ਵਿਸ਼ੇਸ਼ ਕਾਲਜ ਵਿਖਿਆਨ ਮਾਲਾ ਦੇ ਤਹਿਤ ਭਾਰਤੀ ਸੰਦਰਭ ਵਿੱਚ ਰਾਜਨੀਤੀ ਵਿੱਚ ਔਰਤਾਂ ਵਿਸ਼ੇ 'ਤੇ ਇੱਕ ਵਿਸ਼ੇਸ਼ ਵਿਖਿਆਨ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਵਿਦਿਆਰਥੀਆਂ ਦੇ ਵਿਅ

15-FEB-PAGE-10.qxd 2/14/2025 9:02 PM Page 1

ਘੱਗਾ ਦੇ ਸਾਬਕਾ ਅਕਾਲੀ ਕੌਂਸਲਰ ਭਾਜਪਾ 'ਚ ਸ਼ਾਮਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ ਵਿੱਚ ਮੰਡਲ ਘੱਗਾ ਦੀ ਮੀਟਿੰਗ ਹੋਈ।ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਘੱਗਾ ਦੇ ਵਾਰਡ ਨੰਬਰ ਪੰਜ ਤੋਂ ਅਕਾਲੀ ਦਲ ਦੇ ਸਾਬਕਾ ਐਮ ਸੀ ਪ੍ਰੇਮ ਚੰਦ ਕਾਂਸਲ ਨੇ ਭਾਜਪਾ ਵਿੱਚ ਸ਼ਮੂਲੀਅਤ ਦਾ ਐਲਾਨ ਕੀਤਾ।ਪਾਰਟੀ ਵਿੱਚ ਸ਼ਾਮਲ ਹੋਣ 'ਤੇ ਹਾਜ਼ਰ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਪਾਰਟੀ ਵਿੱਚ ਹਰ ਸੰਭਵ ਮਾਨ ਸਨਮਾਨ ਦਾ ਭਰੋਸਾ ਦਿੱਤਾ।ਭਾਜਪਾ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤੋਂ ਉਤਸ਼ਾਹਤ ਹੋ ਕੇ ਪਾਰਟੀ ਦਾ ਅਗਲਾ ਨਿਸ਼ਾਨਾ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣਾ ਹੈ।ਇਸ ਲਈ ਪਾਰਟੀ ਵੱਲੋਂ ਹੁਣ ਤੋਂ ਹੀ ਸੰਗਠਨ ਦੀ ਮਜ਼ਬੂਤੀ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਤਹਿਤ ਸੰਗਠਨ ਮੀਟਿੰਗਾਂ ਦਾ ਸਿਲਸਿਲਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਲਗਾਤਾਰ ਜਾਰੀ ਹੈ।ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਆਪਣੇ ਨਾਂਅ ਲਾ ਕੇ ਆਪ ਸਰਕਾਰ ਵਿਕਾਸ ਦੇ ਝੂਠੇ ਦਾਅਵੇ ਕਰ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਰਮੇਸ਼ ਕੁਮਾਰ ਕੁੱਕੂ, ਮੰਡਲ ਪਾਤੜਾਂ ਦੇ ਪ੍ਰਧਾਨ ਲਾਲ ਚੰਦ ਲਾਲੀ, ਕਿਸਾਨ ਮੋਰਚਾ ਦੇ ਜ਼ਿਲ੍ਹਾ ਆਗੂ ਬਗੀਚਾ ਸਿੰਘ ਦੁਤਾਲ, ਮੁਖਤਿਆਰ ਸਿੰਘ ਮੁੱਖਾ, ਜਰਨੈਲ ਸਿੰਘ ਕੰਬੋਜ, ਰਮੇਸ਼ ਕੁਮਾਰ ਬੱਤਰਾ, ਸਰਦੂਲ ਸਿੰਘ ਸੰਧੂ, ਨਿਰੰਕਾਰ ਸਿੰਘ ਸ਼ੁਤਰਾਣਾ ਆਦਿ ਹਾਜ਼ਰ ਸਨ।

ਪਲਾਸਟਿਕ ਤੇ ਮਲਬੇ ਕਾਰਨ ਸੀਵਰੇਜ ਬੰਦ

ਬਰੇਟਾ (ਗੀਤਵਾਲ)-ਸਥਾਨਕ ਡਾਕਖਾਨੇ ਕੋਲ ਕੁਝ ਲੋਕਾਂ ਵੱਲੋਂ ਸੀਵਰੇਜ ਵਿੱਚ ਸੁੱਟਿਆ ਪਲਾਸਟਿਕ ਤੇ ਮਲਬੇ ਕਾਰਨ ਸੀਵਰੇਜ ਬਲੌਕ ਹੋਇਆ ਰਹਿੰਦਾ ਹੈ ਅਤੇ ਪੀਣ ਵਾਲੇ ਪਾਣੀ ਵਿੱਚ ਮਿਕਸ ਹੋਣ ਕਾਰਨ ਵਾਰਡ ਨੰ. 12 ਵਿੱਚ ਪੂਰਾ ਪਰਵਾਰ ਬਿਮਾਰ ਪਿਆ ਹੈ। ਸੀਵਰੇਜ ਮਹਿਕਮੇ ਵੱਲੋਂ ਸ਼ਹਿਰ ਨਿਵਾਸੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਘਰਾਂ ਵਿੱਚ ਲੱਗੇ ਡਸਟਬਿਨਾਂ ਵਿੱਚ ਹੀ ਕੂੜਾ ਪਾਇਆ ਜਾਵੇ, ਨਾ ਕਿ ਨਾਲੀਆਂ ਜਾਂ ਸੀਵਰੇਜ ਦੇ ਡੱਗ ਵਿੱਚ ਸੁੱਟਿਆ ਜਾਵੇ। ਸੀਵਰੇਜ ਮਹਿਕਮੇ ਦੇ ਮੁਲਾਜ਼ਮ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਟੀਮਾਂ ਬਣਾ ਕੇ ਹਰੇਕ ਵਾਰਡ ਵਿੱਚ ਸੀਵਰੇਜ ਦੀਆਂ ਪਾਈਪਾਂ ਤੇ ਡੱਗਾਂ ਦੀ ਸਫਾਈ ਕੀਤੀ ਜਾਂਦੀ ਹੈ, ਪਰ ਲੋਕਾਂ ਵੱਲੋਂ ਆਪਣੇ ਘਰਾਂ ਦਾ ਕੂੜਾ ਕਰਕਟ ਤੇ ਪਲਾਸਟਿਕ ਦੇ ਲਿਫਾਫੇ ਬੋਤਲਾਂ ਆਦਿ ਡਸਟਬਿਨਾਂ ਵਿੱਚ ਪਾਉਣ ਦੀ ਬਜਾਏ ਨਾਲੀਆਂ ਜਾਂ ਸੀਵਰੇਜ ਦੇ ਡੱਗਾਂ ਵਿੱਚ ਸੁੱਟਿਆ ਜਾਂਦਾ ਹੈ, ਜਿਸ ਕਾਰਨ ਸੀਵਰੇਜ ਜਲਦੀ ਹੀ ਓਵਰਫਲੋ ਹੋਇਆ ਰਹਿੰਦਾ ਹੈ। ਇਸ ਸਬੰਧੀ ਸੀਵਰੇਜ ਮੁਲਾਜ਼ਮ ਨੇ ਕਿਹਾ ਕਿ ਜਦੋਂ ਸੀਵਰੇਜ ਬੰਦ ਜਾਂ ਓਵਰਫਲੋ ਹੋ ਜਾਂਦਾ ਹੈ ਤਾਂ ਲੋਕ ਸੀਵਰੇਜ ਮਹਿਕਮੇ 'ਤੇ ਗੁੱਸਾ ਕੱਢਣ ਲੱਗ ਜਾਂਦੇ ਹਨ, ਪਰ ਲੋਕਾਂ ਦਾ ਆਪਣਾ ਫਰਜ਼ ਵੀ ਬਣਦਾ ਹੈ ਕਿ ਆਪਣੇ ਘਰਾਂ ਦਾ ਮਲਬਾ, ਕੂੜਾ ਕਰਕਟ ਤੇ ਪਲਾਸਟਿਕ ਦਾ ਸਾਮਾਨ ਡਸਟਬਿਨਾਂ 'ਚ ਜਾਂ ਨਗਰ ਕੌਂਸਲ ਵੱਲੋਂ ਲੱਗੀਆਂ ਕੂੜੇ ਵਾਲੀਆਂ ਗੱਡੀਆਂ ਵਿੱਚ ਪਾਉਣ।

ਤਰਕਸ਼ੀਲ ਸੁਸਾਇਟੀ ਦੀ ਜ਼ੋਨ ਪੱਧਰੀ ਇਕੱਤਰਤਾ

ਭੀਖੀ (ਧਰਮਵੀਰ ਸ਼ਰਮਾ)-ਤਰਕਸ਼ੀਲ਼ ਸੁਸਾਇਟੀ ਪੰਜਾਬ ਦੀ ਜ਼ੋਨ ਪੱਧਰੀ ਇਕੱਤਰਤਾ ਸਥਾਨਕ ਸ਼ਹੀਦ ਭਗਤ ਸਿੰਘ ਲਾਇਬਰੇਰੀ ਵਿਖੇ ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਮਾਨਸਾ ਜ਼ਿਲ੍ਹੇ ਦੀਆਂ ਸੱਤ ਇਕਾਈਆਂ ਨੇ ਭਾਗ ਲਿਆ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਬਲਬੀਰ ਚੰਦ ਲੌਂਗੋਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਭਾਰਤੀ ਕਿਤਾਬੀ ਪਾਠ ਕ੍ਰਮ 'ਚੋਂ ਇਤਿਹਾਸ ਭਗੋਲ਼ ਤੇ ਰਾਜਨੀਤੀ ਸ਼ਾਸਤਰ ਵਰਗੇ ਵਿਸ਼ੇ ਕੱਢ ਕੇ ਸਿੱਖਿਆ ਦਾ ਕੇਂਦਰੀ ਤੇ ਭਗਵਾਂਕਰਨ ਕਰਨਾ ਚਾਹੁੰਦੀ ਹੈ। ਨਵੀਂ ਸਿੱਖਿਆ ਨੀਤੀ ਦਾ ਉਦੇਸ਼ ਸਕਿੱਲ ਸਿੱਖਿਆ ਦੇ ਨਾਂ 'ਤੇ ਕਾਰਪੋਰੇਟਰ ਘਰਾਣਿਆਂ ਲਈ ਸਸਤੀ ਲੇਬਰ ਪੈਦਾ ਕਰਨਾ ਹੈ। ਇਸ ਨੀਤੀ ਰਾਹੀਂ ਸਿੱਖਿਆ ਨੂੰ ਸੂਬਿਆਂ ਦੇ ਹੱਥਾਂ 'ਚੋਂ ਖੋਹ ਕੇ ਸਿੱਧਾ ਕਾਰਪੋਰੇਟਰ ਘਰਾਣਿਆਂ ਦੇ ਹੱਥਾਂ 'ਚ ਦੇਣਾ ਹੈ। ਉਨ੍ਹਾਂ ਕਿਹਾ ਕਿ ਅਜਿਹੇ 'ਚ ਸਮਾਜਕ ਜਥੇਬੰਦੀਆਂ 'ਚ ਪਰਪੱਕ ਸਾਂਝ ਹੋਣੀ ਚਾਹੀਦੀ ਹੈ ਤਾਂ ਜੋ ਕੇਂਦਰ ਵੱਲੋਂ ਲਿਆਂਦੀਆਂ ਲੋਕ ਵਿਰੋਧੀ ਨੀਤੀਆਂ ਦਾ ਇੱਕਜੁੱਟ ਹੋ ਕੇ ਵਿਰੋਧ ਕੀਤਾ ਜਾ ਸਕੇ। ਇਸ ਮੌਕੇ ਸੂਬਾ ਆਗੂ ਰਾਜੇਸ਼ ਅਕਲੀਆ, ਮਾਨਸਾ ਜੋਨ ਦੇ ਆਗੂ ਮਾ. ਲੱਖਾ ਸਿੰਘ, ਗੁਰਦੀਪ ਸਿੰਘ, ਭਰਭੂਰ ਸਿੰਘ ਮੰਨਣ, ਭੁਪਿੰਦਰ ਫੌਜੀ, ਅੰਮ੍ਰਿਤ ਰਿਸ਼ੀ, ਬੂਟਾ ਸਿੰਘ ਬੀਰ, ਜਸਬੀਰ ਸੋਨੀ, ਸੇਵਾ ਸਿੰਘ, ਜਸਪਾਲ ਅਤਲਾ, ਹਰਮੇਸ਼ ਭੋਲਾ ਮੱਤੀ, ਮਨਦੀਪ ਕੁਮਾਰ, ਹਰਬੰਸ ਸਿੰਘ, ਗੁਰਿੰਦਰ ਔਲਖ, ਧਰਮਵੀਰ ਸ਼ਰਮਾ, ਮਾ. ਮਹਿੰਦਰ ਪਾਲ, ਡਾ. ਸੁਰਿੰਦਰ ਸਿੰਘ, ਜਗਸੀਰ ਸਿੰਘ, ਅਜੈਬ ਸਿੰਘ ਅਲੀਸ਼ੇਰ ਆਦਿ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਮਨਾਇਆ

ਮੋਗਾ (ਇਕਬਾਲ ਸਿੰਘ ਖਹਿਰਾ)-ਵਾਰਡ ਨੰਬਰ 40 ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇ ਗੁਰਪੁਰਬ ਨੂੰ ਰਵਿਦਾਸ ਭਵਨ ਗਲੀ ਨੰਬਰ 4 ਵਿਖੇ ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਸੋਸਾਇਟੀ ਤੇ ਸਮੂਹ ਸਾਧ ਸੰਗਤ ਵੱਲੋਂ ਸ਼ਰਧਾਪੂਰਵਕ ਮਨਾਇਆ ਗਿਆ। ਪ੍ਰਧਾਨ ਪ੍ਰਸ਼ੋਤਮ ਲਾਲ, ਸੈਕਟਰੀ ਮਿੱਠੂ ਹੱਲਣ, ਕੈਸ਼ੀਅਰ ਡਾਕਟਰ ਰਾਕੇਸ਼ ਹੱਲਣ, ਰਾਕੇਸ਼ ਕੁਮਾਰ ਲਗਾਹ, ਗੌਰਵ ਲਗਾਹ, ਮੰਨੀ ਜੱਸਲ, ਹਰੀਪਾਲ ਸੋਨੂੰ, ਬੰਟੀ ਹੱਲਣ, ਬਿੱਟੂ, ਹਰਮੇਸ਼ ਲਾਲ, ਰੌਬੀ ਬੰਗੜ, ਲਵਲੀ ਬੰਗੜ, ਸੰਜੀਵ ਬੰਗੜ, ਬਲਵੀਰ ਸਿੰਘ, ਸਤਪਾਲ, ਚਿਰੰਜੀ ਲਾਲ, ਮੁਲਖ ਰਾਜ, ਹਰੀਸ਼ ਕੁਮਾਰ ਹੱਲਣ, ਰਾਜਾ ਹੱਲਣ, ਡਾਕਟਰ ਰਾਧੇ ਬਾਲੀ, ਨਰੇਸ਼ ਬੋਹਤ ਪ੍ਰਧਾਨ ਭਾਰਤੀਯ ਵਾਲਮੀਕਿ ਧਰਮ ਸਮਾਜ ਭਾਵਾਧਸ, ਰਾਜਨ ਬੰਸਲ, ਸੱਤੀ ਚਾਵਲਾ ਤੋਂ ਇਲਾਵਾ ਹੋਰ ਵੀ ਮਹੱਲਾ ਵਾਸੀ ਸ਼ਾਮਲ ਸਨ ਅਤੇ ਗੁਰੂ ਜੀ ਦਾ ਅਟੂੱਟ ਲੰਗਰ ਵੀ ਚਲਾਇਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਭਵਨ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਹਲਕਾ ਇੰਚਾਰਜ ਕਾਂਗਰਸ ਪਾਰਟੀ ਤੇ ਸਮਾਜ ਸੇਵਕ ਮਾਲਵਿਕਾ ਸੂਦ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਪੰਜਾਬ ਤੇ ਭਾਰਤ ਵਾਸੀਆਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਇਸ ਸ਼ੁਭ ਅਵਸਰ 'ਤੇ ਸਮੂਹ ਅਹੁਦੇਦਾਰਾਂ ਵੱਲੋਂ ਮਾਲਵਿਕਾ ਸੂਦ ਨੂੰ ਸਰੋਪਾ ਪਹਿਨਾ ਕੇ ਸਨਮਾਨਤ ਕੀਤਾ ਗਿਆ।

ਰਾਜ ਮੋਟਰਜ਼ ਵੱਲੋਂ ਵਿਸ਼ੇਸ਼ ਟੈਸਟ ਡਰਾਈਵ ਈਵੈਂਟ ਦਾ ਉਦਘਾਟਨ

ਪਟਿਆਲਾ (ਇਕਬਾਲ ਸਿੰਘ ਬੱਲ)-ਮੋਹਾਲੀ ਵਿੱਚ ਸ਼ਾਨਦਾਰ ਲਾਂਚ ਤੋਂ ਬਾਅਦ, ਰਾਜ ਮੋਟਰਜ਼ ਨੇ ਪਟਿਆਲਾ ਵਿੱਚ ਮਹਿੰਦਰਾ ਇਲੈਕਟ੍ਰਿਕ ਓਰੀਜਿਨ ਐੱਸਯੂਵੀ. ਦੇ ਸ਼ਾਨਦਾਰ ਉਦਘਾਟਨ ਦੇ ਨਾਲ ਆਪਣੀ ਬਿਜਲੀ ਦੀ ਗਤੀ ਨੂੰ ਜਾਰੀ ਰੱਖਿਆ।ਇਸ ਇਵੈਂਟ ਨੇ ਸ਼ਹਿਰੀ ਗਤੀਸ਼ੀਲਤਾ ਨੂੰ ਮੁੜ ਪਰਿਭਾਸ਼ਤ ਕਰਨ ਵਿੱਚ ਇੱਕ ਹੋਰ ਮੀਲ ਪੱਥਰ ਵਜੋਂ ਚਿੰਨ੍ਹਿਤ ਕੀਤਾ।ਇਸ ਸਮਾਗਮ ਦੀ ਸ਼ਾਨੋ-ਸ਼ੌਕਤ ਨੂੰ ਹੋਰ ਵਧਾਉਂਦੇ ਹੋਏ ਡਾ: ਨਾਨਕ ਸਿੰਘ (ਆਈ.ਪੀ.ਐਸ.), ਐਸ.ਐਸ.ਪੀ. ਪਟਿਆਲਾ ਤੇ ਮੁਹੰਮਦ ਸਰਫਰਾਜ਼ ਆਲਮ (ਆਈ.ਪੀ.ਐਸ.), ਐੱਸ ਪੀ ਸਿਟੀ ਪਟਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਦੀ ਮੌਜੂਦਗੀ ਨੇ ਟਿਕਾਊ ਗਤੀਸ਼ੀਲਤਾ ਦੀ ਮਹੱਤਤਾ ਤੇ ਸ਼ਹਿਰੀ ਲੈਂਡਸਕੇਪਾਂ ਵਿੱਚ ਇਲੈਕਟ੍ਰਿਕ ਵਾਹਨਾਂ ਵੱਲ ਵਧ ਰਹੀ ਤਬਦੀਲੀ ਨੂੰ ਉਜਾਗਰ ਕੀਤਾ।ਦੋਵਾਂ ਪਤਵੰਤਿਆਂ ਨੇ ਰਾਜ ਮੋਟਰਜ਼ ਤੇ ਮਹਿੰਦਰਾ ਦੇ ਨਵੀਨਤਾ ਤੇ ਵਾਤਾਵਰਣ-ਅਨੁਕੂਲ ਆਵਾਜਾਈ ਪ੍ਰਤੀ ਸਮਰਪਣ ਲਈ ਸ਼ਲਾਘਾ ਕੀਤੀ ਤੇ ਇੱਕ ਸਾਫ਼, ਹਰੇ ਭਰੇ ਭਵਿੱਖ ਨੂੰ ਬਣਾਉਣ ਵਿੱਚ ਈਵੀ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਇਵੈਂਟ ਨੇ ਨਵੀਨਤਾ, ਸਥਿਰਤਾ ਤੇ ਬੇਮਿਸਾਲ ਆਟੋਮੋਟਿਵ ਇੰਜਨੀਅਰਿੰਗ ਪ੍ਰਤੀ ਮਹਿੰਦਰਾ ਦੀ ਵਚਨਬੱਧਤਾ ਨੂੰ ਪ੍ਰਦਰਸ਼ਤ ਕੀਤਾ।

ਕੁਸ਼ਟ ਰੋਗ ਪੂਰੀ ਤਰ੍ਹਾਂ ਇਲਾਜਯੋਗ : ਡਾ. ਚਾਵਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਰਕਾਰ ਵੱਲੋਂ ਕੁਸ਼ਟ ਰੋਗ ਨੂੰ ਖਤਮ ਕਰਨ ਲਈ ਸਪਰਸ਼ ਲੈਪਰੋਸੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸਿਹਤ ਵਿਭਾਗ ਵੱਲੋਂ ਡਾ. ਜਗਦੀਪ ਚਾਵਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ ਸ਼ਿਵ ਸ਼ਕਤੀ ਕੁਸ਼ਟ ਆਸ਼ਰਮ ਸ੍ਰੀ ਮੁਕਤਸਰ ਸਾਹਿਬ ਤੇ ਨਵਜੀਵਨ ਕੁਸ਼ਟ ਆਸ਼ਰਮ ਮਲੋਟ ਵਿਖੇ ਰਹਿ ਰਹੇ ਵਿਅਕਤੀਆਂ ਨੂੰ ਦਵਾਈਆਂ ਤੇ ਹੋਰ ਲੋੜੀਂਦਾ ਸਾਜੋ ਸਾਮਾਨ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਗਦੀਪ ਚਾਵਲਾ ਸਿਵਲ ਸਰਜਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ 30 ਜਨਵਰੀ ਤੋਂ 28 ਫਰਵਰੀ 2025 ਤੱਕ ਵਿਸ਼ੇਸ਼ ਸਪਰਸ਼ ਲੈਪਰੋਸੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਇਸ ਤਹਿਤ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਰੈਲੀਆਂ, ਗਰੁੱਪ ਮੀਟਿੰਗਾਂ ਕਰਕੇ ਆਮ ਲੋਕਾਂ ਨੂੰ ਜਾਗਰੂਕ ਕਰਨ ਤੋਂ ਇਲਾਵਾ ਪ੍ਰਵਾਸੀ ਮਜ਼ਦੂਰਾਂ ਦੇ ਰਿਹਾਇਸ਼ ਵਾਲੇ ਖੇਤਰਾਂ ਵਿੱਚ ਸਰਵੇ ਕੀਤਾ ਜਾ ਰਿਹਾ ਹੈ, ਜੇਕਰ ਕੋਈ ਮਰੀਜ਼ ਲੱਭਦਾ ਹੈ ਤਾਂ ਉਸ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾਵੇਗਾ। ਇਸ ਮੁਹਿੰਮ ਦੇ ਸਬੰਧ 'ਚ ਡਾ. ਆਲਮਜੀਤ ਸਿੰਘ ਜ਼ਿਲ੍ਹਾ ਲੈਪਰੋਸੀ ਅਫਸਰ ਤੇ ਉਨ੍ਹਾਂ ਦੀ ਟੀਮ ਵੱਲੋਂ ਕੁਸ਼ਟ ਆਸ਼ਰਾਮ ਸ੍ਰੀ ਮੁਕਤਸਰ ਸਾਹਿਬ ਤੇ ਮਲੋਟ ਵਿਖੇ ਸਮਾਗਮ ਕੀਤੇ ਗਏ ਅਤੇ ਉੱਥੇ ਰਹਿ ਰਹੇ ਲੋਕਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ। ਇਸ ਮੌਕੇ ਡਾ. ਆਲਮਜੀਤ ਸਿੰਘ ਜ਼ਿਲ੍ਹਾ ਲੈਪਰੋਸੀ ਅਫਸਰ ਨੇ ਕਿਹਾ ਕਿ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਕੁਸ਼ਟ ਰੋਗੀਆਂ ਦੀ ਜਾਂਚ ਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ।

ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 5 ਮੈਂਬਰ ਹਥਿਆਰਾਂ ਸਮੇਤ ਗ੍ਰਿਫਤਾਰ

ਫਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜਾ, ਰਛਪਾਲ ਭੁੱਲਰ)

ਥਾਣਾ ਸਿਟੀ ਕੋਟਕਪੂਰਾ ਵੱਲੋਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਦੇ 5 ਮੈਂਬਰਾਂ ਨੂੰ ਹਥਿਆਰਾਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।ਜਾਣਕਾਰੀ ਮੁਤਾਬਿਕ ਇੰਸਪੈਕਟਰ ਮਨੋਜ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਕੋਟਕਪੂਰਾ ਦੀ ਨਿਗਰਾਨੀ ਹੇਠ ਬੀਤੀ 12 ਫਰਵਰੀ 2025 ਨੂੰ ਸ:ਥ: ਸੁਖਦੇਵ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੇ ਸਬੰਧ ਵਿੱਚ ਬਾਲਮੀਕ ਚੌਕ ਕੋਟਕਪੂਰਾ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਇੱਕ ਗਰੋਹ ਬੇਅਬਾਦ ਫੈਕਟਰੀ ਵਿੱਚ ਜਲਾਲੇਆਣਾ ਰੋਡ 'ਤੇ ਲੁਕ ਛਿਪ ਕੇ ਲੁੱਟ-ਖੋਹ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਨ੍ਹਾਂ ਪਾਸ ਕਾਪੇ, ਕਰਪਾਨਾਂ, ਖੰਡੇ ਟਾਈਪ ਹਥਿਆਰ ਹਨ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਕੋਟਕਪੂਰਾ ਵਿੱਚ ਮੁਕੱਦਮਾ ਨੰਬਰ 28 ਮਿਤੀ 12.02.2025 ਅਧੀਨ ਧਾਰਾ 112(2) ਬੀ.ਐਨ.ਐਸ ਦਰਜ ਕਰ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਪਾਰਟੀ ਵੱਲੋਂ ਰੇਡ ਕੀਤੀ ਗਈ ਅਤੇ ਇਸ ਗਰੋਹ ਦੇ 5 ਮੈਂਬਰਾਂ ਨੂੰ 2 ਕਾਪੇ, 2 ਖੰਡੇ, ਇੱਕ ਕਿਰਪਾਨ, ਇੱਕ ਮੋਟਰਸਾਈਕਲ ਬਿਨਾਂ ਨੰਬਰੀ ਤੇ ਇੱਕ ਐਕਟਿਵਾ ਬਿਨਾਂ ਨੰਬਰੀ ਸਮੇਤ ਕਾਬੂ ਕੀਤਾ ਗਿਆ।ਦੋਸ਼ੀਆਂ ਦੀ ਪਹਿਚਾਣ ਸੁਨੀਲ ਸਿੰਘ ਉਰਫ ਸ਼ਾਂਗਾ ਪੁੱਤਰ ਸਿਕੰਦਰ ਸਿੰਘ ਵਾਸੀ ਬਾਹਮਣਵਾਲਾ ਰੋਡ ਨੇੜੇ ਦੁੱਧਾਧਾਰੀ ਡੇਰਾ ਕੋਟਕਪੂਰਾ, ਸਲੀਮ ਮਸੀਹ ਪੁੱਤਰ ਟਿੱਕਾ ਮਸੀਹ ਵਾਸੀ ਬੀੜ ਰੋਡ ਨੇੜੈ ਬਾਈਪਾਸ ਨੇੜੇ ਬਰਗਾੜੀ ਵਾਲਿਆਂ ਦਾ ਆਰਾ ਕੋਟਕਪੂਰਾ, ਜਸਕਰਨ ਸਿੰਘ ਉਰਫ ਸੋਨਾ ਪੁੱਤਰ ਬਲਵਿੰਦਰ ਸਿੰਘ ਵਾਸੀ ਦੁਆਰੇਆਣਾ ਰੋਡ ਕੋਟਕਪੂਰਾ, ਪਵਨ ਕੁਮਾਰ ਉਰਫ ਲੰਗੂ ਪੁੱਤਰ ਬਾਬੂ ਲਾਲ ਵਾਸੀ ਜਲਾਲੇਆਣਾ ਰੋਡ ਨੇੜੇ ਮੰਦਰ ਕੋਟਕਪੂਰਾ ਤੇ ਧਰਮਿੰਦਰ ਸਿੰਘ ਉਰਫ ਜੋਨੀ ਪੁੱਤਰ ਵੀਰ ਸਿੰਘ ਵਾਸੀ ਦੁਆਰੇਆਣਾ ਰੋਡ ਕੋਟਕਪੂਰਾ ਵਜੋ ਹੋਈ ਹੈ।ਜਦ ਤਫਤੀਸ਼ ਦੌਰਾਨ ਦੋਸ਼ੀਆਂ ਦੇ ਕ੍ਰਿਮੀਨਲ

15 Feb Page - 11.qxd 2/14/2025 9:03 PM Page 1

ਪੁਲਵਾਮਾ ਹਮਲੇ ਦੀ 6ਵੀਂ ਬਰਸੀ 'ਤੇ ਪਾਕਿ ਦਾ ਝੰਡਾ ਫੂਕਿਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- 19 ਫਰਵਰੀ 2019 ਪੁਲਵਾਮਾ ਹਮਲੇ ਦੀ ਛੇਵੀਂ ਬਰਸੀ 'ਤੇ ਸ਼ਿਵ ਸੈਨਾ ਦੀ ਦੀਨਾਨਗਰ ਯੂਨਿਟ ਦੀ ਪ੍ਰਧਾਨਗੀ ਹੇਠ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਨੇ ਇਸ ਹਮਲੇ ਦੇ ਜ਼ਿੰਮੇਵਾਰ ਪਾਕਿਸਤਾਨੀ ਸੈਨਿਕਾਂ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਅਤੇ ਸ਼ਹੀਦ ਹੋਏ ਭਾਰਤੀ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਹਮਲੇ ਲਈ ਪਾਕਿ ਦੇ ਝੰਡੇ ਨੂੰ ਸਾੜਿਆ ਗਿਆ ਅਤੇ ਇਸ ਦੇ ਨਾਲ ਹੀ ਪੱਛਮੀ ਸੱਭਿਅਤਾ ਦੇ ਤਿਉਹਾਰ ਵੈਲੇਨਟਾਈਨ ਡੇਅ ਦੇ ਕਾਰਡ ਵੀ ਸਾੜੇ ਗਏ ਅਤੇ ਨੌਜਵਾਨਾਂ ਨੂੰ ਇਸ ਤਿਉਹਾਰ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਗਈ।ਇਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਅਜੈ ਕੁਮਾਰ ਨੇ ਕਿਹਾ ਕਿ ਪੁਲਵਾਮਾ ਹਮਲੇ ਵਿੱਚ ਸ਼ਹੀਦ ਹੋਏ 44 ਭਾਰਤੀ ਜਵਾਨਾਂ ਦੀ ਸ਼ਹਾਦਤ ਨੂੰ ਸਲਾਮ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਣ ਦੀ ਅਪੀਲ ਕੀਤੀ ਕਿਉਂਕਿ ਸ਼ਹੀਦਾਂ ਦੀ ਸ਼ਹਾਦਤ ਨੂੰ ਭੁੱਲਣ ਵਾਲਾ ਦੇਸ਼ ਕਦੇ ਵੀ ਤਰੱਕੀ ਨਹੀਂ ਕਰਦਾ। ਇਸ ਮੌਕੇ ਅਜੇ ਕੁਮਾਰ ਨੇ ਕਿਹਾ ਕਿ ਦੀਨਾਨਗਰ ਦਾ ਸਿਪਾਹੀ ਮਨਿੰਦਰ ਸਿੰਘ ਵੀ ਪੁਲਵਾਮਾ ਹਮਲੇ ਵਿੱਚ ਸ਼ਹੀਦ ਹੋਇਆ ਸੀ, ਜਿਸ ਲਈ ਦੀਨਾਨਗਰ ਦੇ ਲੋਕਾਂ ਨੂੰ ਮਾਣ ਹੈ।ਇਸ ਮੌਕੇ ਮਨਦੀਪ ਪਠਾਣੀਆ, ਹੈਪੀ ਪਹਿਲਵਾਨ, ਸਾਹਿਲ ਮਹਾਜਨ, ਵਿਨੋਦ ਸ਼ਰਮਾ, ਪੰਕਜ ਕੋਟਲੀ, ਸੁਮਿਤ ਕੁਮਾਰ, ਰਾਕੇਸ਼ ਕੁਮਾਰ, ਅਸ਼ਵਨੀ ਕੁਮਾਰ, ਡੀ. ਕੇ. ਮੀਕਾ, ਲਖਨ ਕੁਮਾਰ, ਲਲਿਤ ਕੁਮਾਰ, ਵਿਸ਼ਾਲ ਕੁਮਾਰ, ਸਹਿਜ ਸ਼ਰਮਾ, ਸਾਗਰ ਕੁਮਾਰ, ਕ੍ਰਿਸ਼ਨ ਕੁਮਾਰ, ਵੰਸ਼, ਬਲਵਾਨ ਸਿੰਘ ਹਾਜ਼ਰ ਸਨ।

ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇਣ ਨਾਲ ਸਿੱਖ ਕੌਮ ਨੂੰ ਵੱਡੀ ਰਾਹਤ ਮਿਲੀ : ਖੰਨਾ

ਜ਼ੀਰਕਪੁਰ (ਵਿਨੈ ਕੁਮਾਰ ਜੈਨ) ਭਾਰਤੀ ਜਨਤਾ ਪਾਰਟੀ ਡੇਰਾਬੱਸੀ ਦੇ ਆਗੂ ਅਤੇ ਸੂਬਾ ਸੱਕਤਰ ਸੰਜੀਵ ਖੰਨਾ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮੀਤ ਸ਼ਾਹ ਦਾ ਧੰਨਵਾਦ ਕੀਤਾ, ਜਿਹਨਾਂ ਨੇ 2014 ਵਿਚ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ) ਦਾ ਗਠਨ ਕੀਤਾ, ਜਿਸ ਨੇ 1984 ਦੇ ਸਿੱਖ ਕਤਲੇਆਮ ਦੇ ਬੰਦ ਪਏ ਕੇਸਾਂ ਦੀ ਨਵੇਂ ਸਿਰੇ ਤੋਂ ਜਾਂਚ ਕੀਤੀ ਅਤੇ ਜਿਸਦੀ ਬਦੌਲਤ ਅੱਜ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜਸਵੰਤ ਸਿੰਘ ਤੇ ਉਹਨਾਂ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਦੇ ਕੇਸ ਵਿਚ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ।ਸੰਜੀਵ ਖੰਨਾ ਨੇ ਕਿਹਾ ਕਿ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇਣ ਨਾਲ ਸਿੱਖ ਕੌਮ ਨੂੰ ਵੱਡੀ ਰਾਹਤ ਮਿਲੀ ਹੈ। ਉਹਨਾਂ ਕਿਹਾ ਕਿ ਇਹ ਫੈਸਲਾ ਸਿਰਫ ਪ੍ਰਧਾਨ ਮੰਤਰੀ ਸ੍ਰੀ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਐਨ ਡੀ ਏ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਕੇਸਾਂ ਦੀ ਨਵੇਂ ਸਿਰੇ ਤੋਂ ਜਾਂਚ ਕਰਨ ਲਈ ਐਸ ਆਈ ਟੀ ਦਾ ਗਠਨ ਕਰਨ ਦੇ ਫੈਸਲੇ ਦੀ ਬਦੌਲਤ ਹੀ ਆਇਆ ਹੈ।

ਸੰਜੀਵ ਖੰਨਾ ਨੇ ਕਿਹਾ ਕਿ ਪਹਿਲਾਂ ਸਮੇਂ ਦੀਆਂ ਕਾਂਗਰਸ ਸਰਕਾਰਾਂ ਵੇਲੇ ਸਿੱਖ ਕੌਮ ਨੂੰ ਨਿਆਂ ਤਾਂ ਕੀ ਦੇਣਾ ਸੀ ਸਗੋਂ ਦੋਸ਼ੀਆਂ ਨੂੰ ਗਾਂਧੀ ਪਰਿਵਾਰ ਤੇ ਕਾਂਗਰਸ ਪਾਰਟੀ ਕੈਬਨਿਟ ਮੰਤਰੀ, ਮੈਂਬਰ ਪਾਰਲੀਮੈਂਟ, ਐਮ ਐਲ ਏ ਤੇ ਹੋਰ ਅਹੁਦੇ ਦੇਕੇ ਸਨਮਾਨਤ ਕਰਦੀ ਰਹੀ ਹੈ। ਉਹਨਾਂ ਕਿਹਾ ਕਿ ਹੁਣ 41 ਸਾਲਾਂ ਬਾਅਦ ਨਿਆਂ ਮਿਲਣਾ ਸ਼ੁਰੂ ਹੋਇਆ ਹੈ। ਉਹਨਾਂ ਆਸ ਪ੍ਰਗਟ ਕੀਤੀ ਕਿ ਆਉਂਦੇ ਦਿਨਾਂ ਵਿਚ ਜਗਦੀਸ਼ ਟਾਈਟਲਰ, ਕਮਲਨਾਥ ਤੇ ਹੋਰ ਦੋਸ਼ੀ ਵੀ ਸਲਾਖਾਂ ਪਿੱਛੇ ਹੋਣਗੇ, ਜਿਹਨਾਂ ਨੇ 1984 ਦੇ ਸਿੱਖ ਕਤਲੇਆਮ ਵੇਲੇ ਸਰਗਰਮ ਭੂਮਿਕਾ ਨਿਭਾਈ ਸੀ। ਸੰਜੀਵ ਖੰਨਾ ਨੇ ਮੁੜ ਦੁਹਰਾਇਆ ਕਿ ਜਦੋਂ ਤੱਕ ਸਾਰੇ ਦੋਸ਼ੀ ਸਲਾਖਾਂ ਪਿੱਛੇ ਨਹੀਂ ਹੁੰਦੇ, ਭਾਰਤੀ ਜਨਤਾ ਪਾਰਟੀ ਦੇ ਮੈਂਬਰ ਟਿਕ ਕੇ ਨਹੀਂ ਬੈਠਣਗੇ।

ਦਸਮੇਸ਼ ਹੈਰੀਟੇਜ ਪਬਲਿਕ ਸਕੂਲ 'ਚ 10ਵਾਂ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਕ ਵਿਖੇ 10ਵਾਂ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ।ਸਕੂਲ ਵੱਲੋਂ ਕਰਵਾਏ ਗਏ ਇਸ ਵਿਸ਼ਾਲ ਸਮਾਰੋਹ ਦੌਰਾਨ ਅਮਨਪ੍ਰੀਤ ਸਿੰਘ ਐੱਸਡੀਐੱਮ ਬਾਬਾ ਬਕਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਡਾ. ਰਿਚਾ ਅਗਨੀਹੋਤਰੀ ਆਈਪੀਐੱਸ ਏਆਈਜੀ (ਕਰਾਈਮ ਅੰਮ੍ਰਿਤਸਰ ਜ਼ੋਨ) ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਅਤੇ ਸਕੂਲ ਮੈਨੇਜਮੈਂਟ ਵੱਲੋਂ ਆਏ ਹੋਏ ਮੁੱਖ ਮਹਿਮਾਨ ਡਾ. ਰਿਚਾ ਅਗਨੀਹੋਤਰੀ ਅਤੇ ਅਮਨਪ੍ਰੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹ ਸਾਲਾਨਾ ਸਮਾਗਮ ਵਿਸ਼ੇਸ਼ ਥੀਮ ਮੈਂ ਪੰਜਾਬ ਬੋਲਦਾ ਹਾਂ ਤੇ ਅਧਾਰਿਤ ਸੀ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਤੇ ਅਧਾਰਿਤ ਖੂਬਸੂਰਤ ਆਈਟਮਾਂ ਪੇਸ਼ ਕੀਤੀਆਂ ਗਈਆਂ ।ਇਸ ਸਾਲਾਨਾ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।ਵਿਦਿਆਰਥੀਆਂ ਅਤੇ ਮਾਪਿਆਂ ਦੇ ਚਿਹਰਿਆਂ ਉਪਰ ਖੁਸ਼ੀ ਦੀ ਲਹਿਰ ਦੇਖੀ ਗਈ।ਅਧਿਆਪਕਾਂ ਦੀ ਹੌਸਲਾ ਅਫਜ਼ਾਈ ਨਾਲ ਬੱਚਿਆਂ ਨੇ ਆਪਣੀਆਂ ਆਈਟਮਾਂ ਨੂੰ ਸਟੇਜ ਤੇ

ਬਾਖੂਬੀ ਨਿਭਾਇਆ।ਅਮਨਪ੍ਰੀਤ ਸਿੰਘ ਐੱਸਡੀਐੱਮ ਬਾਬਾ ਬਕਾਲਾ ਦੁਆਰਾ ਸਕੂਲ ਵੱਲੋਂ ਲਏ ਥੀਮ ਮੈਂ ਪੰਜਾਬ ਬੋਲਦਾ ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ।ਇਸ ਤੋਂ ਇਲਾਵਾ ਡਾ. ਰਿਚਾ ਅਗਨੀਹੋਤਰੀ ਦੁਆਰਾ ਬੱਚਿਆਂ ਵੱਲੋਂ ਕੀਤੇ ਗਏ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਨੇ ਸੰਬੋਧਨ ਕਰਦਿਆਂ ਬੱਚਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਲਏ ਗਏ ਸੁਪਨੇ ਪੂਰੇ ਕਰਨ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਆ।ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਸਮੂਹ ਮਾਪਿਆਂ ਦਾ ਧੰਨਵਾਦ ਕੀਤਾ ।ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਕੁਲਬੀਰ ਸਿੰਘ ਮਾਨ, ਕੁਲਵੰਤ ਸਿੰਘ, ਸੁਰਜੀਤ ਸਿੰਘ ਕੰਗ, ਅਵਤਾਰ ਸਿੰਘ ਬੁੱਟਰ, ਤੇਜਬੀਰ ਸਿੰਘ ਸੋਹਲ, ਬਲਕਾਰ ਸਿੰਘ, ਕੈਪਟਨ ਜੋਗਿੰਦਰ ਸਿੰਘ, ਕਿਰਨਦੀਪ ਸਿੰਘ, ਅਮਨਪਾਲ ਸਿੰਘ, ਸੁਖਨਪਾਲ ਸਿੰਘ, ਗੁਰਬੀਰ ਕੌਰ, ਜਸਪ੍ਰੀਤ ਕੌਰ ਸੋਹਲ, ਪਵਨਜੀਤ ਕੌਰ ਹਾਜ਼ਰ ਸਨ।

ਫਤਿਹਾਬਾਦ ਦੇ ਬਾਜ਼ਾਰ 'ਚ ਬੁਲਟ ਸਵਾਰਾਂ ਦੇ ਹੁੜਦੰਗ ਤੋਂ ਲੋਕ ਪ੍ਰੇਸ਼ਾਨ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਕਸਬਾ ਫਤਿਹਾਬਾਦ ਦੇ ਮੇਨ ਬਾਜ਼ਾਰ ਅਤੇ ਅੰਦਰਲੇ ਵਿਚ ਸ਼ਰਾਰਤੀ ਅਨਸਰ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਮਰਵਾ ਕੇ ਜਿਥੇ ਆਵਾਜ਼ ਪ੍ਰਦੂਸ਼ਣ ਪੈਦਾ ਕਰ ਰਹੇ ਹਨ ਉਥੇ ਹੀ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ ਆਪਣਾ ਨਾਮ ਨਾ ਛਾਪਣ ਦੀ ਸੂਰਤ ਵਿਚ ਕਸਬੇ ਦੇ ਦੁਕਾਨਦਾਰਾਂ ਨੇ ਕਿਹਾ ਕਿ ਪੁਲਸ ਇਨ੍ਹਾਂ ਸ਼ਰਾਰਤੀ ਅਨਸਰਾਂ ਖਿਲਾਫ ਕੋਈ ਕਾਰਵਾਈ ਨਹੀਂ ਕਰਦੀ ਜਦਕਿ ਭਲੇ ਲੋਕਾਂ ਨੂੰ ਨਾਕੇ ਲਾ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ।ਜ਼ਿਕਰਯੋਗ ਹੈ ਕਿ ਕਸਬਾ ਫਤਿਹਾਬਾਦ ਦਾ ਬਾਜ਼ਾਰ ਨੇੜਲੇ ਕਰੀਬ 10-15 ਪਿੰਡਾਂ ਲਈ ਖਰੀਦੋ ਫਰੋਕਤ ਦਾ ਕੇਂਦਰ ਹੈ। ਅਜਿਹੇ ਬਾਜ਼ਾਰਾਂ ਵਿਚ ਮਨਚਲਿਆਂ ਤੇ ਸ਼ਰਾਰਤੀ ਬਿਰਤੀ ਵਾਲੇ ਲੋਕਾਂ ਦਾ ਮਨਆਈ ਕਰਨਾ ਸਥਾਨਕ ਪੁਲਸ ਪ੍ਰਸ਼ਾਸਨ ਦੀ ਕਾਰਜਸ਼ੈਲੀ ਤੇ ਸਵਾਲ ਖੜੇ ਕਰਦਾ ਹੈ।ਦੇਖਣਾ ਹੋਵੇਗਾ ਕਿ ਪੁਲਸ ਪ੍ਰਸ਼ਾਸਨ ਇਨ੍ਹਾਂ ਧੌਂਸ ਪਾਉਣ ਵਾਲੇ ਲੋਕਾਂ ਖਿਲਾਫ ਕਦੋਂ ਕਾਰਵਾਈ ਅਮਲ ਵਿਚ ਲਿਆਉਂਦਾ ਹੈ?

'ਸਰਕਾਰ ਤੁਹਾਡੇ ਦੁਆਰ' ਤਹਿਤ ਦੋਰਾਂਗਲਾ 'ਚ ਲੱਗਾ ਵਿਸ਼ੇਸ਼ ਕੈਂਪ

ਮਾਨ ਸਰਕਾਰ ਲੋਕਾਂ ਨੂੰ ਘਰ ਦੇ ਨੇੜੇ ਦੇ ਰਹੀ ਹੈ ਸਹੂਲਤਾਂ : ਸ਼ਮਸ਼ੇਰ ਸਿੰਘ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਆਮ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਉਨ੍ਹਾਂ ਦੇ ਘਰਾਂ ਨੇੜੇ ਹੀ ਉਪਲਬਧ ਕਰਵਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਚਲਾਏ ਗਏ ਪ੍ਰੋਗਰਾਮ 'ਸਰਕਾਰ ਤੁਹਾਡੇ ਦੁਆਰ' ਤਹਿਤ ਅੱਜ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਦੋਰਾਂਗਲਾ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ।ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਉਚੇਚੇ ਤੌਰ 'ਤੇ ਕੈਂਪ ਦਾ ਜਾਇਜ਼ਾ ਲੈਣ ਲਈ ਪੁੱਜੇ ਜਿੱਥੇ ਉਨ੍ਹਾਂ ਨੇ ਕੈਂਪ ਦਾ ਨਿਰੀਖਣ ਕਰਨ ਦੇ ਇਲਾਵਾ ਕੈਂਪ ਵਿੱਚ ਆਏ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਸਬੰਧਤ ਵਿਭਾਗਾਂ ਨੂੰ ਹੱਲ ਕਰਨ ਲਈ ਕਿਹਾ।ਇਸ ਮੌਕੇ ਨਾਇਬ ਤਹਿਸੀਲਦਾਰ ਦੋਰਾਂਗਲਾ ਮਨਦੀਪ ਸੈਣੀ, ਬੀਡੀਪੀਓ ਦੋਰਾਂਗਲਾ ਦਿਲਬਾਗ ਸਿੰਘ, ਸਰਪੰਚ ਦੋਰਾਂਗਲਾ ਕਰਨਜੀਤ ਸਿੰਘ ਮਿੰਟੂ, ਬਲਾਕ ਪ੍ਰਧਾਨ ਪੰਕਜ ਬਹਿਰਾਮਪੁਰ, ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ, ਜਤਿੰਦਰ ਬਿੱਲਾ ਸ਼ਮਸ਼ੇਰਪੁਰ, ਗੁਰਜੰਟ

ਸਿੰਘ ਸੰਦਲਪੁਰ, ਸਰਪੰਚ ਮਲਕੀਤ ਸਿੰਘ ਥੰਮ੍ਹਣ, ਕਰਨ ਸ਼ਾਹਪੁਰ ਅਤੇ ਦਲਵਿੰਦਰ ਸਿੰਘ ਕੋਠੇ ਮਜੀਠੀ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਇਹ ਕੈਂਪ ਲਗਾਏ ਜਾ ਰਹੇ ਹਨ, ਜਿਸ ਤਹਿਤ ਅੱਜ ਦੋਰਾਂਗਲਾ ਵਿਖੇ ਵਿਸ਼ੇਸ਼ ਸੁਵਿਧਾ ਕੈਂਪ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦੇਣਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਉਨ੍ਹਾਂ ਦੇ ਕੋਲ ਜਾ ਕੇ ਹੱਲ ਕਰਨਾ ਹੈ।ਉਨ੍ਹਾਂ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਲੋਕਾਂ ਨੂੰ ਸੇਵਾਵਾਂ ਦਿੱਤੀਆਂ ਗਈਆਂ ਹਨ ਅਤੇ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ ਹੈ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਕੈਂਪ ਵਿੱਚ ਲੋਕਾਂ ਵੱਲੋਂ ਵੱਖ-ਵੱਖ ਵਿਭਾਗਾਂ ਨਾਲ ਸੰਬੰਧਿਤ ਦਰਖਾਸਤਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ ਅਧਿਕਾਰੀਆਂ ਵੱਲੋਂ ਵਧੇਰੀਆਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ।ਇਸ ਤੋਂ ਇਲਾਵਾ ਜਿਹੜੀਆਂ ਦਰਖਾਸਤਾਂ ਕਿਸੇ ਵਿਭਾਗ ਦੇ ਉੱਚ ਪੱਧਰ ਤੱਕ ਭੇਜਣ ਵਾਲੀਆਂ ਸਨ ਉਨ੍ਹਾਂ ਨੂੰ ਫਾਰਵਰਡ ਕੀਤਾ ਗਿਆ ਹੈ ਤਾਂ ਜੋ ਇਸ ਕੈਂਪ ਦੌਰਾਨ ਪ੍ਰਾਪਤ ਦਰਖਾਸਤਾਂ ਦਾ ਨਿਪਟਾਰਾ ਨਿਸ਼ਚਿਤ ਸਮੇਂ ਵਿੱਚ ਕੀਤਾ ਜਾ ਸਕੇ।

ਸਪੋਰਟਸ ਮੀਟ ਦੌਰਾਨ ਬੈਡਮਿੰਟਨ ਦੇ ਜ਼ਿਲ੍ਹਾ ਪੱਧਰੀ ਮੈਚ ਕਰਵਾਏ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਭਾਰਤ ਸਰਕਾਰ ਦੇ ਅਧੀਨ ਚਲ ਰਹੇ ਮੇਰਾ ਭਾਰਤ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਵੱਲੋਂ ਜ਼ਿਲਾ ਪੱਧਰੀ ਸਪੋਰਟਸ ਮੀਟ ਦਾ ਆਯੋਜਨ ਜ਼ਿਲ੍ਹਾ ਯੂਥ ਅਫਸਰ, ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਸੰਦੀਪ ਕੌਰ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ । ਸਪੋਰਟਸ ਮੀਟ ਦੌਰਾਨ ਸਥਾਨਕ ਬੈਡਮਿੰਟਨ ਹਾਲ ਵਿੱਚ ਲੜਕੀਆਂ ਦੇ ਬੈਡਮਿੰਟਨ ਦੇ ਜ਼ਿਲ੍ਹਾ ਪੱਧਰੀ ਮੈਚ ਕਰਵਾਏ ਗਏ ।ਬੈਡਮਿੰਟਨ ਮੈਡ ਕੋਚ ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਵਿਚ ਕਰਵਾਏ ਗਏ ।ਮੈਚਾਂ ਦੌਰਾਨ ਅੰਡਰ 14 ਲੜਕੀਆਂ ਦੇ ਵਰਗ ਵਿਚ ਮਹਿਵਿਸ਼ ਕੌਰ, ਪਰਾਗੁਣ ਅੰਗੂਰਾਲ ਅਤੇ ਜਸਲੀਨ ਕੌਰ ਨੇ ਭਾਗ ਲਿਆ ਜਦਕਿ ਛੋਟੇ ਬੱਚਿਆ ਦੇ ਮੁਕਾਬਲੇ ਵਿਚ ਤਨੁਸ਼ੀ, ਸ਼ੀਨ ਕੌਰ, ਸਰਗੁਨ, ਪਾਵਨੀ ਆਨੰਦ ਨੇ ਭਾਗ ਲੈ ਕੇ ਆਪਣੀ ਪ੍ਰਤਿਭਾ ਨੂੰ ਉਜਾਗਰ ਕੀਤਾ ਗਿਆ । ਮੈਚਾਂ ਦੇ ਆਖਿਰ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਮਹਿਮਾਨਾ ਵੱਲੋਂ ਬੈਡਮਿੰਟਨ ਖਿਡਾਰੀਆਂ ਨੂੰ ਟਰਾਫੀ ਅਤੇ ਸਰਟੀਫਿਕੇਟ ਦੇਕੇ ਸਨਮਾਨਿਤ

ਕੀਤਾ ।ਇਸ ਮੌਕੇ ਨਹਿਰੂ ਯੁਵਾ ਕੇਂਦਰ ਦੇ ਅਹੁਦੇਦਾਰਾਂ ਵੱਲੋਂ ਬੱਚਿਆਂ ਨੂੰ ਖੇਡਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਖੇਡਾਂ ਸਾਡੇ ਜੀਵਨ ਵਿਚ ਬਹੁਤ ਮਹੱਤਵਪੂਰਨ ਹਨ, ਇਸ ਲਈ ਹਰ ਬੱਚੇ ਨੂੰ ਕੋਈ ਨਾ ਕੋਈ ਖੇਡ ਜ਼ਰੂਰ ਖੇਡਣੀ ਚਾਹੀਦੀ ਹੈ।

ਸਕਾਰਪੀਓ ਕਾਰ ਨਾਲ ਟਕਰਾਉਣ ਕਾਰਨ ਬਾਰਾਂ ਸਿੰਗਾ ਦੀ ਮੌਤ

15-Feb-PAGE-12.qxd 2/14/2025 9:05 PM Page 1

ਜਨਮ ਦਿਨ ਮੁਬਾਰਕ

ਸ਼ਹਿਰੋਜ ਗੋਇਲ, ਬਰਨਾਲਾ

ਵਰ੍ਹੇਗੰਢ ਮੁਬਾਰਕ

ਗੁਰਪ੍ਰੀਤ ਕੁਮਾਰ ਤੇ ਸੁਮੀਤ ਮਾਨ ਵਾਸੀ ਕੁੱਕੜ ਪਿੰਡ ਜ਼ਿਲ੍ਹਾ ਜਲੰਧਰ ਨੇ ਆਪਣੇ ਵਿਆਹ ਦੀ ਦੂਜੀ ਵਰ੍ਹੇਗੰਢ ਮਨਾਈ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਨਾ

ਸ਼ਾਹਕੋਟ (ਗਿਆਨ ਸੈਦਪੁਰੀ) ਵੀਰਵਾਰ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸੂਬਾ ਆਗੂ ਸਲਵਿੰਦਰ ਸਿੰਘ ਜਾਣੀਆ ਅਤੇ ਗੁਰਮੇਲ ਸਿੰਘ ਰੇੜਵਾਂ ਦੀ ਅਗਵਾਈ ਵਿੱਚ ਧਰਨਾ ਲਾਇਆ ਗਿਆ।ਧਰਨਾਕਾਰੀ ਮੰਗ ਕਰ ਰਹੇ ਸਨ ਕਿ ਅਬਾਦਕਾਰ ਵਿਭਾਗ ਵੱਲੋਂ ਐਕਵਾਇਰ ਕੀਤੀ ਗਈ ਜ਼ਮੀਨ, ਜੋ ਕਿ ਪੰਜਾਬ ਮੰਡੀ ਬੋਰਡ ਨੂੰ ਨਵੀਂ ਦਾਣਾ ਮੰਡੀ ਉਸਾਰਨ ਵਾਸਤੇ ਦਿੱਤੀ ਗਈ ਹੈ, ਦਾ ਸਰਕਾਰ ਵੱਲੋਂ ਕਬਜ਼ਾ ਨਾ ਲਿਆ ਜਾਵੇ।ਇੱਥੇ ਦੱਸਣਯੋਗ ਹੈ ਕਿ ਜ਼ਮੀਨ ਐਕਵਾਇਰ ਕਰਨ ਵਿਰੁੱਧ ਸਬੰਧਤ ਕਿਸਾਨਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।ਲੰਬਾ ਸਮਾਂ ਕੇਸ ਚੱਲਣ ਤੋਂ ਬਾਅਦ ਕੋਰਟ ਨੇ ਫੈਸਲਾ ਸਰਕਾਰ ਦੇ ਹੱਕ ਵਿੱਚ ਕਰ ਦਿੱਤਾ ਸੀ।ਉਸੇ ਫੈਸਲੇ ਦੇ ਆਧਾਰ 'ਤੇ ਹੁਣ ਪੰਜਾਬ ਮੰਡੀ ਬੋਰਡ ਨੇ ਕਬਜ਼ਾ ਲੈਣਾ ਹੈ ਤੇ ਦਾਣਾ ਮੰਡੀ ਦੀ ਉਸਾਰੀ ਕਰਨੀ ਹੈ।ਤਹਿਸੀਲਦਾਰ ਵੱਲੋਂ ਦਖਲ ਲੈਣ ਲਈ ਪਹਿਲਾਂ 6 ਫਰਵਰੀ ਦੀ ਤਰੀਕ ਰੱਖੀ ਸੀ।ਉਹ ਤਰੀਕ ਮੁਲਤਵੀ ਕਰਨ ਤੋਂ ਬਾਅਦ ਵੀਰਵਾਰ 13 ਤਰੀਕ ਦਖਲ ਲਈ ਰੱਖੀ ਗਈ ਸੀ।ਕਿਸੇ ਕਾਰਨ ਇਹ ਦਿਨ ਕਰਨ ਵਾਲੀ ਪ੍ਰਕ੍ਰਿਆ ਵੀ ਮੁਲਤਵੀ ਹੋ ਗਈ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਦੋਵੇਂ ਦਿਨ ਧਰਨਾ ਦਿੱਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਮੰਗ ਕੀਤੀ ਕਿ ਜ਼ਮੀਨ ਕਿਸਾਨਾਂ ਨੂੰ ਵਾਪਸ ਕੀਤੀ ਜਾਵੇ।ਧਰਨੇ ਦੌਰਾਨ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ।ਇਸ ਵਿੱਚ ਬਹੁਤ ਸਾਰੀਆਂ ਕਿਸਾਨ ਔਰਤਾਂ ਨੂੰ ਸ਼ਾਮਲ ਕੀਤਾ ਗਿਆ।ਕਰਨਵੀਰ ਸਿੰਘ ਨੂੰ ਜ਼ਿਲ੍ਹਾ ਪ੍ਰੈਸ ਸਕੱਤਰ ਬਣਾਇਆ ਗਿਆ।

ਧਰਨੇ ਨੂੰ ਸੰਬੋਧਨ ਕਰਦੀ ਹੋਈ ਕਿਸਾਨ ਆਗੂ ਬੀਬੀ ਸਪਨਮਨਪ੍ਰੀਤ ਕੌਰ

ਸੰਗੀਤ ਸ਼ਾਸਤਰੀ ਗੁਰਦੇਵ ਸਿੰਘ ਦਾ ਵਿਛੋੜਾ

ਸਾਊਥਾਲ (ਯੂ ਕੇ) : ਇੰਗਲੈਂਡ ਦੇ ਸ਼ਹਿਰ ਸਾਊਥਾਲ ਵਿੱਚ ਵੱਸਦੇ ਜਗਤ ਪ੍ਰਸਿੱਧ ਸਰੋਦ ਅਤੇ ਦਿਲਰੁਬਾ ਵਾਦਕ ਗੁਰਦੇਵ ਸਿੰਘ ਦਾ ਬੀਤੀ 10 ਫਰਵਰੀ ਨੂੰ ਦੇਹਾਂਤ ਹੋ ਗਿਆ। ਉਹ ਕੁਝ ਸਾਲਾਂ ਤੋਂ ਢਿੱਲੇ ਸਨ। ਗੁਰਦੇਵ ਸਿੰਘ ਆਪਣੇ ਸਰੋਦਵਾਦਨ ਅਤੇ ਦਿਲਰੁਬਾ ਵਾਦਨ ਲਈ ਸਾਰੇ ਸੰਸਾਰ ਵਿੱਚ ਜਾਣੇ ਜਾਂਦੇ ਸਨ। ਉਨ੍ਹਾਂ ਨੇ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ। ਇੰਗਲੈਂਡ ਨਿਵਾਸ ਦੌਰਾਨ ਉਨ੍ਹਾਂ ਨੇ ਸੈਂਕੜੇ ਵਿਦਿਆਰਥੀਆਂ ਨੂੰ ਸੰਗੀਤ ਦੇ ਹੁਨਰਾਂ ਨਾਲ ਲੈਸ ਕੀਤਾ। ਗੁਰਦੇਵ ਸਿੰਘ ਦਿਲਰੁਬਾ ਦੀ ਸਿੱਖਿਆ ਉਸਤਾਦ ਪਿਆਰਾ ਸਿੰਘ ਅਤੇ ਸਰੋਦ ਵਜਾਉਣ ਦੀ ਸਿੱਖਿਆ ਉਸਤਾਦ ਅਮਜਦ ਅਲੀ ਖਾਨ ਜੀ ਤੋਂ ਹਾਸਲ ਕੀਤੀ। ਗੁਰਦੇਵ ਸਿੰਘ ਦਾ ਜਨਮ 1948 ਵਿੱਚ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਸੰਤ ਨਗਰ ਵਿੱਚ ਹੋਇਆ ਸੀ। ਉਹ ਉਨੀ ਸੌ ਅੱਸੀਵਿਆਂ ਦੇ ਸ਼ੁਰੂ ਵਿੱਚ ਇੰਗਲੈਂਡ ਆਏ। ਉਨ੍ਹਾ ਦੇ ਦੋਵੇਂ ਬੇਟੇ ਨਵਿੰਦਰ ਪਾਲ ਸਿੰਘ (ਲਵਲੀ) ਅਤੇ ਜਤਿੰਦਰ ਪਾਲ ਸਿੰਘ (ਲਾਡੀ) ਮਸ਼ਹੂਰ ਤਬਲਾਵਾਦਕ ਹਨ। ਉਨ੍ਹਾ ਦੀ ਪੋਤਰੀ ਸ਼ਰੂਤੀ ਸਿੰਘ ਪੈਰਿਸ ਵਿੱਚ ਸੀਨੀਅਰ ਅਕੌਨਮਿਸਟ ਹੈ। ਗੁਰਦੇਵ ਸਿੰਘ ਆਪਣੇ ਪਿੱਛੇ ਆਪਣੀ ਧਰਮ ਪਤਨੀ ਸ੍ਰੀਮਤੀ ਗੁਰਮੀਤ ਕੌਰ, ਦੋ ਬੇਟੇ, ਇੱਕ ਬੇਟੀ ਅਤੇ ਉਨ੍ਹਾ ਦੇ ਪਰਵਾਰ ਛੱਡ ਗਏ ਹਨ। ਗੁਰਦੇਵ ਸਿੰਘ ਨੂੰ ਉਨ੍ਹਾ ਦੀ ਸ਼ਾਸ਼ਤਰੀ ਸੰਗੀਤ ਪ੍ਰਤੀ ਦੇਣ ਲਈ ਯਾਦ ਕੀਤ ਜਾਂਦਾ ਰਹੇਗਾ।

ਭਾਰਤੀ ਬੈਡਮਿੰਟਨ ਟੀਮ ਦੇ ਸਾਬਕਾ ਕੋਚ ਗੌਰਵ ਮੱਲ੍ਹਣ ਜਲੰਧਰ ਦੇ ਖਿਡਾਰੀਆਂ ਨੂੰ ਦੇਣਗੇ ਟ੍ਰੇਨਿੰਗ

ਜਲੰਧਰ (ਰਾਜੇਸ਼ ਥਾਪਾ)

ਭਾਰਤੀ ਬੈਡਮਿੰਟਨ ਟੀਮ ਦੇ ਸਾਬਕਾ ਕੋਚ ਗੌਰਵ ਮਲ੍ਹਨ ਸ਼ਨੀਵਾਰ ਨੂੰ ਜਲੰਧਰ ਬੈਡਮਿੰਟਨ ਐਸੋਸੀਏਸ਼ਨ ਨਾਲ ਜੁੜ ਗਏ ਅਤੇ ਹੁਣ ਉਹ ਰਾਇਜਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਖਿਡਾਰੀਆਂ ਨੂੰ ਬੈਡਮਿੰਟਨ ਦੀ ਟ੍ਰੇਨਿੰਗ ਦੇਣਗੇ।ਸ਼੍ਰੀ ਮੱਲ੍ਹਣ, ਜੋ 2020 ਦੇ ਥੌਮਸ ਕੱਪ ਦੌਰਾਨ ਭਾਰਤੀ ਟੀਮ ਦੇ ਕੋਚ ਰਹੇ, ਪਹਿਲਾਂ ਹੈਦਰਾਬਾਦ ਵਿਖੇ ਪੁਲੇਲਾ ਗੋਪੀਚੰਦ ਅਕਾਦਮੀ ਵਿੱਚ ਸੀਨੀਅਰ ਕੋਚ ਰਹੇ ਹਨ ਅਤੇ ਉਹ ਮਿਸਰ ਦੀ ਰਾਸ਼ਟਰੀ ਟੀਮ ਦੇ ਮੁੱਖ ਕੋਚ ਵੀ ਰਹੇ ਹਨ।ਐਨ ਆਈ ਐਸ ਅਤੇ ਬੀ ਡਬਲਯੂ ਐਫ ਪ੍ਰਮਾਣਿਤ ਕੋਚ ਮਲ੍ਹਨ ਆਪਣੇ ਵਿਸ਼ਾਲ ਅੰਤਰਰਾਸ਼ਟਰੀ ਅਨੁਭਵ ਨਾਲ ਇਸ ਨਵੀਂ ਭੂਮਿਕਾ ਨੂੰ ਨਿਭਾਉਣਗੇ।ਜਲੰਧਰ ਪਹੁੰਚਣ 'ਤੇ ਡੀ ਬੀ ਏ ਸਕੱਤਰ ਰਿਤਿਨ ਖੰਨਾ ਨੇ ਗੌਰਵ ਮਲ੍ਹਨ ਦਾ ਵਿਸ਼ੇਸ਼ ਸਵਾਗਤ ਕੀਤਾ।ਇਸ ਮੌਕੇ ਤੇ ਖੰਨਾ ਨੇ ਓਲੰਪਿਅਨ ਦੀਪਾਂਕਰ ਭੱਟਾਚਾਰਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮਲ੍ਹਨ ਦੇ ਜਲੰਧਰ ਆਉਣ ਵਿੱਚ ਸਹਿਯੋਗ ਦਿੱਤਾ।ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਪੱਧਰ ਦੇ ਕੋਚ ਵੱਲੋਂ ਸਥਾਨਕ ਖਿਡਾਰੀਆਂ ਨੂੰ ਮਿਲਣ ਵਾਲੀ ਟਰੇਨਿੰਗ ਸ਼ਹਿਰ ਲਈ ਇਕ ਵੱਡੀ ਉਪਲਬਧੀ ਹੋਵੇਗੀ।ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜਲੰਧਰ ਵਿੱਚ ਜਲਦੀ ਹੀ ਮਲ੍ਹਨ ਦੇ ਮਾਰਗਦਰਸ਼ਨ ਹੇਠ ਇੱਕ ਵਿਸ਼ੇਸ਼ ਗਰਮੀ ਦਾ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਉਭਰਦੇ ਹੋਏ ਬੈਡਮਿੰਟਨ ਖਿਡਾਰੀਆਂ ਨੂੰ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਵੇਗੀ।ਖੰਨਾ ਨੇ ਉੱਤਰੀ ਭਾਰਤ ਦੇ ਬੈਡਮਿੰਟਨ ਖਿਡਾਰੀਆਂ ਵੱਲੋਂ ਪੇਸ਼ੇਵਰ ਪ੍ਰਸ਼ਿਕਸ਼ਣ ਲਈ ਦੱਖਣੀ ਭਾਰਤ ਜਾਣ ਦੀਆਂ ਚੁਣੌਤੀਆਂ ਵੀ ਸਾਹਮਣੇ ਰਖੀਆਂ।ਉਨ੍ਹਾਂ ਕਿਹਾ ਕਿ ਹੋਰ ਰਾਜਾਂ ਵਿੱਚ ਟਰੇਨਿੰਗ ਲਈ ਜਾਣ ਵਾਲੇ ਖਿਡਾਰੀਆਂ ਨੂੰ ਆਥਿਰਕ ਬੋਝ, ਖਾਣ-ਪੀਣ, ਪੜਾਈ ਅਤੇ ਰਹਿਣ-ਸਹਿਣ ਵਰਗੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਕਰਕੇ, ਜਲੰਧਰ ਵਿੱਚ ਉੱਚ-ਗੁਣਵੱਤਾ ਵਾਲਾ ਕੋਚਿੰਗ ਕੇਂਦਰ ਸਥਾਪਤ ਕਰਨਾ ਖੇਤਰੀ ਖਿਡਾਰੀਆਂ ਲਈ ਬਹੁਤ ਲਾਭਕਾਰੀ ਹੋਵੇਗਾ।ਗੌਰਵ ਮਲ੍ਹਨ ਨੇ ਰਾਇਜਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਦੀਆਂ ਸ਼ਾਨਦਾਰ ਸਹੂਲਤਾਂ ਦੀ ਤਾਰੀਫ ਕੀਤੀ ਅਤੇ ਯੁਵਾ ਖਿਡਾਰੀਆਂ ਨੂੰ ਤਿਆਰ ਕਰਨ ਲਈ ਡੀ ਬੀ ਏ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਗੌਰ ਕਰਨਯੋਗ ਹੈ ਕਿ ਹੰਸਰਾਜ ਸਟੇਡੀਅਮ 'ਚ ਸਥਿਤ ਓਲੰਪਿਅਨ ਦੀਪਾਂਕਰ ਭੱਟਾਚਾਰਜੀ ਬੈਡਮਿੰਟਨ ਅਕਾਦਮੀ 'ਚ ਲਗਭਗ 150-200 ਵੱਖ-ਵੱਖ ਉਮਰ ਵਰਗ ਦੇ ਖਿਡਾਰੀ ਟ੍ਰੇਨਿੰਗ ਲੈ ਰਹੇ ਹਨ । ਪਿਛਲੇ ਚਾਰ ਸਾਲਾਂ 'ਚ ਇਸ ਅਕਾਦਮੀ ਨੇ ਕਈ ਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਹਨ।

ਭੁੰਗਰਨੀ ਵਿਖੇ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਅੱਜ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)—ਪਿੰਡ ਭੁੰਗਰਨੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ 15 ਫਰਵਰੀ ਨੂੰ ਸਜਾਇਆ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਿੰਗਾਰਾ ਸਿੰਘ,ਬਚਿੱਤ ਸਿੰਘ ਹੀਰ ਅਤੇ ਨੰਬਰਦਾਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨੌਜਵਾਨ ਸਭਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ 14 ਫਰਵਰੀ ਤੋਂ ਸ੍ਰੀ ਅਖੰਡ ਸਾਹਿਬ ਅਰੰਭ ਹੋਣਗੇ। ਜਥੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ 15 ਫਰਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਇਸ ਮੌਕੇ ਭਾਈ ਅਵਤਾਰ ਸਿੰਘ ਫਗਵਾੜਾ, ਬੀਬੀ ਤੇਜਿੰਦਰ ਕੌਰ ਖਾਲਸਾ ਜੰਡਿਆਲਾ ਵਾਲੇ ਇੰਟਰਨੈਸ਼ਨਲ ਢਾਡੀ ਜੱਥਾ, ਪ੍ਰਭਾਤ ਫੇਰੀ ਜਥਾ ਅਤੇ ਹੋਰ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। 16 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ ਕੀਰਤਨੀਏ ਜੱਥੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ। ਗੁਰੂ ਜੀ ਦੇ ਲੰਗਰ ਅਤੁੱਟ ਵਰਤਣਗੇ।

ਗੁਰੂ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

ਫਿਲੌਰ, (ਨਿਰਮਲ)- ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ 648 ਵਾਂ ਪ੍ਰਕਾਸ਼ ਉਤਸਵ ਫਿਲੌਰ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਗਿਆ। ਗੁਰੂ ਘਰ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ, ਨੂਰਮਹਿਲ ਰੋਡ ਫਿਲੌਰ ਵਿਖੇ ਧਾਰਮਿਕ ਸਮਾਗਮ ਕਰਾਏ ਗਏ। ਜਿੱਥੇ ਕੀਰਤਨੀ ਜਥਿਆਂ ਵੱਲੋਂ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਅਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਇਸ ਮੌਕੇ ਤੇ ਸੰਤ ਪਰਮਜੀਤ ਦਾਸ ਜੀ,ਸੰਤ ਰਾਮ ਸੇਵਕ ਜੀ ਵੱਲੋਂ ਆਪਣੇ ਪ੍ਰਵਚਨਾਂ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ ਭਾਈ ਕਮਲਜੀਤ ਸਿੰਘ,ਭਾਈ ਪਰਮਜੀਤ ਸਿੰਘ,ਵੀਰ ਹਰਪ੍ਰੀਤ ਸਿੰਘ ਨੇ ਆਪਣੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਦੇ ਆਗੂਆਂ ਪ੍ਰਧਾਨ ਰਾਜ ਕੁਮਾਰ ਸੰਧੂ ਅਤੇ ਜਨਰਲ ਸਕੱਤਰ ਸ਼੍ਰੀ ਤਾਰਾ ਚੰਦ ਜੱਖੂ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

62ਵਾਂ ਆਲ ਇੰਡੀਆ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸ਼ੁਰੂ

ਮਾਹਿਲਪੁਰ, (ਸਫਰੀ)

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨ ਵਿੱਚ ਕਰਵਾਇਆ ਜਾ ਰਿਹਾ 62ਵਾਂ ਆਲ ਇੰਡੀਆ ਪ੍ਰਿੰ ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋ ਗਿਆ। ਟੂਰਨਾਮੈਂਟ ਦੇ ਆਰੰਭ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਉਦਘਾਟਨੀ ਮੈਚ ਮੌਕੇ ਮੁੱਖ ਮਹਿਮਾਨ ਵੱਜੋਂ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ। ਉਨ੍ਹਾਂ ਟੂਰਨਾਮੈਂਟ ਦੇ ਵਧੀਆ ਪ੍ਰਬੰਧਾਂ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ਅਤੇ ਕਮੇਟੀ ਨੂੰ ਵਿੱਤੀ ਸਹਾਇਤਾ ਵੱਜੋਂ ਦਸ ਲੱਖ ਰੁਪਏ ਦੀ ਰਾਸ਼ੀ ਦਾ ਐਲਾਨ ਕੀਤਾ। ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪੈਟਰਨ ਡਾ. ਜੰਗ ਬਹਾਦਰ ਸਿੰਘ ਰਾਏ, ਕੁੰਦਨ ਸਿੰਘ ਸੱਜਣ, ਸੇਵਾ ਮੁਕਤ ਪ੍ਰੋ ਗੁਰਜੀਤ ਸਿੰਘ ਸਿੱਧੂ, ਸੇਵਾ ਮੁਕਤ ਐੱਸ.ਪੀ. ਸ਼ਮਿੰਦਰਜੀਤ ਸਿੰਘ ਬੈਂਸ, ਪ੍ਰਿੰ. ਡਾ ਪਰਵਿੰਦਰ ਸਿੰਘ, ਬਹਾਦਰ ਸਿੰਘ ਬੈਂਸ ਭਾਰਟਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪਹਿਲੇ ਅਕੈਡਮੀ ਵਰਗ (ਅੰਡਰ-18) ਦੇ ਮੈਚ ਵਿੱਚ ਫੁੱਟਬਾਲ ਅਕੈਡਮੀ ਮਾਹਿਲਪੁਰ ਨੇ ਹਿਮਾਚਲ ਫੁੱਟਬਾਲ ਅਕੈਡਮੀ ਨੂੰ 4-0 ਦੇ ਅੰਤਰ ਨਾਲ ਹਰਾਇਆ। ਕਾਲਜ ਵਰਗ ਦੇ ਦੂਜੇ ਮੈਚ ਵਿੱਚ ਫੁੱਟਬਾਲ ਅਕੈਡਮੀ ਪਾਲਦੀ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਦੀਆਂ ਟੀਮਾਂ ਅੰਤ ਤੱਕ 1-1 ਨਾਲ ਬਰਾਬਰੀ 'ਤੇ ਰਹੀਆਂ। ਪੈਨਲਟੀ ਕਾਰਨਰ ਨਾਲ ਹੋਏ ਫੈਸਲੇ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਦੀ ਟੀਮ 6-5 ਨਾਲ ਜੇਤੂ ਰਹੀ। ਕਲੱਬ ਵਰਗ ਦੇ ਮੈਚ ਵਿੱਚ ਆਰਸੀਐੱਫ ਕਪੂਰਥਲਾ ਨੇ ਨਾਮਧਾਰੀ ਫੁੱਟਬਾਲ ਕਲੱਬ ਦੀ ਟੀਮ ਨੂੰ 2-1 ਦੇ ਫਰਕ ਨਾਲ ਹਰਾਇਆ।ਇਸ ਮੌਕੇ ਦਲਜੀਤ ਸਿੰਘ ਬੈਂਸ ਕੈਨੇਡਾ, ਰਜਨੀਸ਼ ਕੁਮਾਰ ਗੁਲਿਆਨੀ, ਹਰਨੰਦਨ ਸਿੰਘ ਖਾਬੜਾ, ਸੁਖਦੇਵ ਸਿੰਘ, ਸਰਪੰਚ ਕ੍ਰਿਸ਼ਨਜੀਤ ਰਾਓ ਕੈਂਡੋਵਾਲ, ਸਰਪੰਚ ਪ੍ਰਿਤਪਾਲ ਕੌਰ ਸੰਘਾ, ਗੁਰਜੀਤ ਕੌਰ ਸੰਘਾ, ਡਾ. ਪਾਲ, ਵਿਜੇ ਬੈਬੇਲੀ, ਬਾਬੂ ਅਮਰਜੀਤ ਸਿੰਘ, ਹਰਮੇਲ ਸਿੰਘ ਸੈਣੀ, ਮੋਹਨ ਸਿੰਘ ਬੈਂਸ, ਕਰਮਜੀਤ ਸਿੰਘ, ਗੁਰਮਿੰਦਰ ਸਿੰਘ ਕੈਂਡੋਵਾਲ, ਬਲਜਿੰਦਰ ਮਾਨ, ਸੁਖਦੇਵ ਸਿੰਘ, ਰੁਪਿੰਦਰਜੀਤ ਸਿੰਘ ਬੱਬੂ, ਮਾਸਟਰ ਬਨਿੰਦਰ ਸਿੰਘ, ਅਰਵਿੰਦਰ ਸਿੰਘ ਹਵੇਲੀ,ਜਗਜੀਤ ਸਿੰਘ ਗਣੇਸ਼ਪੁਰ,ਗੁਰਦਿਆਲ ਸਿੰਘ ਸਰਪੰਚ, ਪ੍ਰੋ ਸਰਵਣ ਸਿੰਘ ਆਦਿ ਸਮੇਤ ਅਨੇਕਾਂ ਫੁੱਟਬਾਲ ਪ੍ਰੇਮੀ ਹਾਜ਼ਰ ਸਨ।

ਫਰਾਲਾ ਵਿਖੇ ਨਸ਼ਿਆਂ ਖਿਲਾਫ ਨਾਟਕ ਖੇਡਿਆ

ਬੰਗਾ (ਅਵਤਾਰ ਕਲੇਰ)- ਪਿੰਡ ਫਰਾਲਾ ਵਿਖੇ ਅਕਾਲ ਅਕੈਡਮੀ ਚੱਕ ਮੰਡੇਰ ਵੱਲੋਂ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਮੈਡ